# ਕਮਿਊਨਿਟੀ ਹੈਲਥ ਪ੍ਰੋਫ਼ਾਈਲਸ

PROUD HOST CITY
BIRMINGHAM 2022
commonwealth games

ਕਮਿਊਨਿਟੀਜ਼ ਟੀਮ,
ਪਬਲਿਕ ਹੈਲਥ ਡਿਵਿਜਨ,
ਬਰਮਿੰਘਮ ਸਿਟੀ ਕਾਊਂਸਿਲ



# ਪਬਲਿਕ ਹੈਲਥ ਦੀਆਂ ਤੱਥ ਰਿਪੋਰਟਾਂ

## ਵਿਧਾਨਕ ਰਿਪੋਰਟਾਂ

### ਲੋੜਾਂ ਦਾ ਸਾਂਝਾ ਰਣਨੀਤਕ ਜਾਇਜ਼ਾ

- ਬਰਮਿੰਘਮ ਦੇ ਨਾਗਰਿਕਾਂ ਦੀ ਸਿਹਤ ਅਤੇ ਤੰਦਰੁਸਤੀ ਦੀ ਇੱਕ ਨਿਯਮਿਤ ਤੌਰ 'ਤੇ ਤਾਜ਼ਾ ਤਸਵੀਰ ਅਤੇ ਇਸ ਨੂੰ ਆਧਾਰ ਬਣਾਉਣ ਵਾਲੇ ਪੱਖ।
- ਪੂਰੇ ਸ਼ਹਿਰ ਵਿੱਚ ਉੱਚ ਪੱਧਰ 'ਤੇ ਅਸਮਾਨਤਾਵਾਂ ਨੂੰ ਉਜਾਗਰ ਕਰਦੀ ਹੈ।
- ਕਾਊਂਸਿਲ ਅਤੇ ਪਬਲਿਕ ਸੈਕਟਰ ਤੋਂ ਪ੍ਰਾਪਤ ਕੀਤੀ ਜਾਣਕਾਰੀ ਨੂੰ ਇਕੱਠਾ ਕਰਦੀ ਹੈ।

### ਪਬਲਿਕ ਹੈਲਥ ਡਾਇਰੈਕਟਰ ਦੀ ਸਲਾਨਾ ਰਿਪੋਰਟ

- ਕਿਸੇ ਮੁੱਦੇ 'ਤੇ ਰੌਸ਼ਨੀ ਪਾਉਣ ਲਈ ਕਿਸੇ ਖਾਸ ਵਿਸ਼ੇ/ਕੇਂਦਰਿਤ ਖੇਤਰ 'ਤੇ ਪਬਲਿਕ ਹੈਲਥ ਦੇ ਡਾਇਰੈਕਟਰ ਦੀ ਸਾਲਾਨਾ ਸੁਤੰਤਰ ਰਿਪੋਰਟ।

## ਚੋਣਵੀਆਂ ਸਬੂਤ ਰਿਪੋਰਟਾਂ

### ਡੀਪ ਡਾਈਵ ਤਰੀਕੇ ਰਾਹੀਂ ਲੋੜਾਂ ਦੇ ਜਾਇਜ਼ੇ

- ਕਿਸੇ ਖ਼ਾਸ ਖੇਤਰ/ਵਿਸ਼ੇ/ ਭਾਇਚਾਰੇ ਬਾਰੇ ਸੰਗਠਿਤ ਤਰੀਕੇ ਨਾਲ ਲੋੜਾਂ ਦੇ ਜਾਇਜ਼ੇ ਲਏ ਜਾਂਦੇ ਹਨ
- ਭਾਈਚਾਰਿਆਂ ਦੇ ਅੰਦਰੂਨੀ ਮਸਲਿਆਂ ਬਾਰੇ ਪ੍ਰਕਾਸ਼ਿਤ ਅਤੇ ਗਰੇ ਲਿਟਰੇਚਰ, ਸੇਵਾਵਾਂ ਦੀ ਜਾਣਕਾਰੀ ਅਤੇ ਗੁਣਾਤਮਕ ਜਾਣਕਾਰੀ ਨੂੰ ਇਕੱਠਿਆਂ ਕੀਤਾ ਜਾਂਦਾ ਹੈ
- ਕਾਰਵਾਈਆਂ ਵਾਸਤੇ ਸਿਫਾਰਸ਼ਾਂ ਕੀਤੀਆਂ ਜਾਂਦੀਆਂ ਹਨ

### ਕਮਿਊਨਿਟੀ ਹੈਲਥ ਪ੍ਰੋਫਾਈਲਸ

- ਛਪੀ ਹੋਈ ਜਾਣਕਾਰੀ ਦਾ ਡੈਸਕ ਟੌਪ ਵਿਸ਼ਲੇਸ਼ਣ, ਗਰੇ ਲਿਟਰੇਚਰ ਅਤੇ ਜਨ ਸੰਖਿਆ ਦੇ ਸਰਵੇ ਦਾ ਡੇਟਾ।
- ਨਾ-ਬਰਾਬਰੀਆਂ ਦੀ ਝਲਕ।

### ਖ਼ਾਸ ਮੁੱਦਿਆਂ 'ਤੇ ਆਧਾਰਤ ਕਮਿਸ਼ਨ

- ਸਬੂਤ-ਆਧਾਰਿਤ ਹੱਲਾਂ ਨੂੰ ਲੱਭਣ 'ਤੇ ਧਿਆਨ ਕੇਂਦਰਿਤ ਕਰਨ ਲਈ ਸਰਗਰਮ ਭਾਈਚਾਰਕ ਸਹਿਯੋਗ ਨਾਲ ਸਬੂਤਾਂ ਅਤੇ ਸਹਿਯੋਗ ਦੀ ਵਰਤੋਂ ਰਾਹੀਂ ਵਿਕਸਿਤ ਹੋਈ ਕਾਰਜਪ੍ਰਣਾਲੀ।

# ਕਮਿਊਨਿਟੀ ਹੈਲਥ ਪ੍ਰੋਫਾਈਲਸ

ਬਰਮਿੰਘਮ ਵਿੱਚ ਇੱਕ ਵਧੇਰੇ ਸਿਹਤਮੰਦ ਸ਼ਹਿਰ ਬਣਨ ਦੀ ਇੱਛਾ ਹੈ, ਇੱਕ ਅਜਿਹਾ ਸ਼ਹਿਰ ਬਣਨਾ ਚਾਹੁੰਦਾ ਹੈ ਜਿਸ ਵਿੱਚ ਹਰ ਨਾਗਰਿਕ ਇੱਕ ਸਿਹਤਮੰਦ ਆਨੰਦਮਈ ਜੀਵਨ ਬਤੀਤ ਕਰ ਸਕਦਾ ਹੋਵੇ।

ਕਮਿਊਨਿਟੀ ਹੈਲਥ ਪ੍ਰੋਫਾਈਲ ਵੱਖ-ਵੱਖ ਭਾਈਚਾਰਿਆਂ ਵਿੱਚ ਇਸ ਟੀਚੇ ਨੂੰ ਪ੍ਰਾਪਤ ਕਰਨ ਦੇ ਅੰਤਰਾਂ (ਸਿਹਤ ਅਸਮਾਨਤਾਵਾਂ) ਨੂੰ ਸਮਝਣ ਵਿੱਚ ਸਾਡੀ ਮਦਦ ਕਰਦੇ ਹਨ। ਪ੍ਰੋਫਾਈਲ ਪਛਾਣ ਜਾਂ ਦਿਲਚਸਪੀ ਜਾਂ ਅਨੁਭਵ ਦੇ ਕਿਸੇ ਖਾਸ ਭਾਈਚਾਰੇ ਦੀਆਂ ਸਿਹਤ ਅਸਮਾਨਤਾਵਾਂ ਦਾ ਵਰਣਨ ਕਰਦੇ ਹਨ।

ਸਬੂਤਾਂ ਦੁਆਰਾ ਦਰਸਾਏ ਗਏ ਲੋੜਾਂ ਦੇ ਅੰਤਰਾਂ ਨੂੰ ਨਿਰਧਾਰਤ ਕਰਨ ਨਾਲ ਕੌਂਸਲ ਦੀ ਮਦਦ ਹੋ ਸਕਦੀ ਹੈ, ਇਸਦੇ ਭਾਈਵਾਲਾਂ ਅਤੇ ਭਾਈਚਾਰਿਆਂ ਨੂੰ ਬਰਮਿੰਘਮ ਵਿੱਚ ਲੋਕਾਂ ਦੀ ਸਿਹਤ ਵਿੱਚ ਸੁਧਾਰ ਕਰਨ ਵਿੱਚ ਪੈਦਾ ਹੋਣ ਵਾਲੇ ਪਾੜੇ ਨੂੰ ਘਟਾਉਣ ਲਈ ਕਾਰਵਾਈ ਕਰਨ ਵਿੱਚ ਮਦਦ ਮਿਲ ਸਕਦੀ ਹੈ।

ਸਾਡੇ ਸ਼ਹਿਰ ਦੇ ਵੱਖ-ਵੱਖ ਭਾਈਚਾਰਿਆਂ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆਂ ਬਾਰੇ ਵਧੇਰੇ ਸਮਝ ਅਤੇ ਜਾਗਰੂਕਤਾ ਦਾ ਸਮਰਥਨ ਕਰਨ ਲਈ ਕਮਿਊਨਿਟੀ ਹੈਲਥ ਪ੍ਰੋਫਾਈਲਾਂ ਨੂੰ ਕੌਂਸਲ ਦੀ ਵੈੱਬਸਾਈਟ 'ਤੇ ਸਰੋਤਾਂ ਵਜੋਂ ਪ੍ਰਕਾਸ਼ਿਤ ਕੀਤਾ ਜਾਵੇਗਾ।

ਜਾਣਕਾਰੀ ਦੀ ਉਪਲਬਧਤਾ ਅਨੁਸਾਰ ਅਸੀਂ ਹਰ 5-8 ਸਾਲਾਂ ਬਾਅਦ ਉਹਨਾਂ ਨੂੰ ਤਾਜ਼ਾ ਕਰਨ ਦਾ ਟੀਚਾ ਰੱਖਦੇ ਹਾਂ।

# 2021-22 ਦੀ ਸਬੂਤ ਰਿਪੋਰਟ ਦਾ ਅਗਲਾ ਪਲੈਨ

## ਕਮਿਊਨਿਟੀ ਹੈਲਥ ਪ੍ਰੋਫ਼ਾਈਲਸ

- ਸਿੱਖ
- ਇਸਲਾਮ
- ਸਮਲਿੰਗੀ ਔਰਤਾਂ
- ਲਿੰਗ ਤਬਦੀਲੀ ਵਾਲੇ ਲੋਕ
- ਘੱਟ ਸੁਣਨ ਵਾਲੇ ਅਤੇ ਬੋਲ਼ੇ ਲੋਕ
- ਘੱਟ ਨਿਗ੍ਹਾ ਵਾਲੇ ਅਤੇ ਅੰਨ੍ਹੇ ਲੋਕ
- ਬੰਗਲਾਦੇਸ਼ੀ
- ਨਾਇਜੀਰੀਅਨ
- ਇੰਡੀਅਨ
- ਕੌਮਨਵੈਲਥ ਕੈਰੇਬੀਅਨ ਟਾਪੂਆਂ ਦੇ ਲੋਕ
- ਕੌਮਨਵੈਲਥ ਪੈਸਿਫ਼ਿਕ ਟਾਪੂਆਂ ਦੇ ਲੋਕ
- ਸੋਮਾਲੀ
- ਕੈਨੀਅਨ

## ਡੀਪ ਡਾਈਵ ਰਿਪੋਰਟਾਂ

- ਸਾਬਕਾ ਫ਼ੌਜੀ
- ਜੀਵਨ ਅੰਤ ਦੇ ਮਸਲੇ
- ਦੇਖਭਾਲ ਕਰਨ ਵਾਲੇ
- ਜਿਸਮਾਨੀ ਅਪਾਹਜਤਾ

## ਕਮਿਸ਼ਨ

- ਬਰਮਿੰਘਮ ਪੌਵਰਟੀ ਟਰੁੱਥ ਕਮਿਸ਼ਨ – ਮਕਾਨਾਂ ਸੰਬੰਧੀ ਮਸਲੇ
- ਬਰਮਿੰਘਮ ਐਂਡ ਲਿਊਸ਼ਮ ਐਫਰੀਕਨ ਐਂਡ ਕੈਰੇਬੀਅਨ ਹੈਲਥ ਇਨਇਕੁਐਲਿਟੀਜ਼ ਰਿਵਿਊ

# ਕਮਿਉਨਿਟੀ ਹੈਲਥ ਪ੍ਰੋਫਾਈਲਾਂ ਦਾ ਨਿਸ਼ਾਨੇ...

ਰਾਸ਼ਟਰੀ ਪੱਧਰ ਅਤੇ ਬਰਮਿੰਘਮ ਵਿੱਚ ਖਾਸ ਭਾਈਚਾਰੇ ਨੂੰ ਪ੍ਰਭਾਵਿਤ ਕਰ ਰਹੇ ਸਿਹਤ-ਸਬੰਧੀ ਮੁੱਦਿਆਂ, ਜਿਵੇਂ ਕਿ ਸਰੀਰਕ ਸਿਹਤ, ਮਾਨਸਿਕ ਸਿਹਤ, ਜੀਵਨ ਸ਼ੈਲੀ ਦੇ ਵਿਵਹਾਰ ਅਤੇ ਵਿਆਪਕ ਨਿਰਧਾਰਕਾਂ (ਸਮਾਜਿਕ ਅਤੇ ਆਰਥਿਕ ਪੱਖੋਂ) ਦੀ ਪਛਾਣ ਕਰਕੇ ਉਨ੍ਹਾਂ ਦੇ ਸੰਖੇਪ ਪੇਸ਼ ਕਰਨਾ।

ਇਹ ਸਾਰੀ ਜਾਣਕਾਰੀ ਨੂੰ ਇਕੱਤਰ ਕਰਕੇ ਬਰਮਿੰਘਮ ਲਈ ਤਿਆਰ ਕੀਤੀ ਗਈ ਹੈਲਥ ਐਂਡ ਵੈਲਬੀਇੰਗ ਰਣਨੀਤੀ ਅਧੀਨ ਮਿਥੇ 10 ਤਰਜੀਹੀ ਖੇਤਰਾਂ ਵਿੱਚ ਪੇਸ਼ ਕਰਨਾ ਤਾਂਕਿ ਬਰਮਿੰਘਮ ਨੂੰ ਇੱਕ ਤਾਕਤਵਰ ਅਤੇ ਸਿਹਤਮੰਦ ਸ਼ਹਿਰ ਬਣਾਇਆ ਜਾ ਸਕੇ।

ਮਿਲੇ ਸਬੂਤਾਂ ਦੇ ਆਧਾਰ 'ਤੇ ਸਥਾਨਕ ਭਾਈਚਾਰਿਆਂ ਨਾਲ ਜੁੜਨਾ ਅਤੇ ਅਸਮਾਨਤਾਵਾਂ ਨੂੰ ਹੱਲ ਕਰਨ ਦੇ ਮੌਕਿਆਂ ਨੂੰ ਉਜਾਗਰ ਕਰਨਾ

ਸਥਾਨਕ ਅਥਾਰਟੀ ਅਤੇ ਕਮਿਊਨਿਟੀ ਅਤੇ ਸੇਵਾ ਵਿਕਾਸ ਲਈ ਵਿਆਪਕ ਪ੍ਰਣਾਲੀ ਦੀ ਵਰਤੋਂ ਲਈ ਇਹਨਾਂ ਸੰਖੇਪਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰਨਾ।

# ਭਾਈਚਾਰਕ ਸਿਹਤ ਅਤੇ ਤੰਦਰੁਸਤੀ ਦੇ ਪ੍ਰਸੰਗ

- ਜੀਵਨ ਦਾ ਉੱਤਮ ਆਰੰਭ ਕਰਨਾ
- ਦਿਮਾਗੀ ਤੰਦਰੁਸਤੀ ਅਤੇ ਸਮਤੋਲ
- ਸਿਹਤਮੰਦ ਅਤੇ ਸਸਤੀ ਖ਼ੁਰਾਕ
- ਹਰ ਉਮਰ ਅਤੇ ਯੋਗਤਾ ਅਨੁਸਾਰ ਸਰਗਰਮ ਰਹਿਣਾ
- ਵਧੀਆ ਸਿੱਖਿਆ ਅਤੇ ਕੰਮਕਾਰ
- ਬੀਮਾਰੀਆਂ ਦਾ ਪਤਾ ਲਾਉਣਾ ਅਤੇ ਉਨ੍ਹਾਂ ਤੋਂ ਬਚਣਾ
- ਵਧੀਆ ਲੰਬੀ ਉਮਰ ਭੋਗਣਾ ਅਤੇ ਜੀਵਨ ਦਾ ਅੰਤ
- ਪਾੜਿਆਂ ਨੂੰ ਘਟਾਉਣਾ
- ਹਰੇ ਅਤੇ ਟਿਕਾਊ ਭਵਿੱਖ ਵਿੱਚ ਹਿੱਸਾ ਪਾਉਣਾ
- ਕੋਵਿਡ-19 ਦੇ ਅਸਰਾਂ ਨੂੰ ਘਟਾਉਣਾ

# ਕਾਰਜਵਿਧੀ

- ਜਾਣਕਾਰੀ ਲੱਭਣਾ – ਨੈਸ਼ਨਲ ਡੇਟਾ ਰਿਸੋਰਸਿਸ (NOMIS, PHE).
- ਜਾਣਕਾਰੀ ਲੱਭਣਾ – ਨੈਸ਼ਨਲ ਵਾਲੰਟਰੀ ਐਂਡ ਕਮਿਉਨਿਟੀ ਰਿਪੋਰਟਸ: (ਅਲਸਾਈਮਰ'ਜ਼ ਯੂ ਕੇ, ਬਰਿਟਿਸ਼ ਲੰਗ ਐਂਡ ਹਾਰਟ ਫਾਉਂਡੇਸ਼ਨ, ਬਰਿਟਿਸ਼ ਸਿੱਖ ਰਿਪੋਰਟ, ਕੈਂਸਰ ਰਿਸਰਚ ਯੂ ਕੇ, ਡਾਇਆਬੀਟੀਜ਼ ਯੂ ਕੇ, ਸਪੋਰਟ ਇੰਗਲੈਂਡ, ਮਾਈਂਡ)
- ਡੇਟਾਬੇਸਿਸ: ਬੀ ਐਮ ਜੇ, ਬੀ ਐਮ ਸੀ; ਪਬਮੈੱਡ ਡੇਟਾਬੇਸ ਸਰਚ – ਸਿੱਖ, ਸਿਖਿਜ਼ਮ (295 ਨਤੀਜੇ ਮਿਲੇ, 165 ਨਤੀਜੇ ਸੰਨ 2000 ਤੋਂ ਬਾਅਦ ਦੇ ਹਨ)
- ਗਰੇ ਲਿਟਰੇਚਰ ਦੀ ਖੋਜ ਕੀਤੀ ਗਈ, ਤਾਂਕਿ ਖੋਜ ਰਾਹੀਂ ਹੋਰ ਜਾਣਕਾਰੀ ਮਿਲ ਸਕੇ
- ਸਰਵਿਸ ਡੇਟਾ ਰਿਸੋਰਸਿਸ – ਬਰਮਿੰਘਮ ਦੇ ਵੱਖੋ ਵੱਖਰੇ ਮਾਹਿਰਾਂ ਦੇ ਵਿਚਾਰ ਲਏ ਗਏ
- ਜਾਣਕਾਰੀ ਦੀ ਛਾਣਬੀਣ ਅਤੇ ਵਿਸ਼ਲੇਸ਼ਣ – ਇੱਕ ਨਿਰਧਾਰਿਤ ਯੋਜਨਾ ਤਹਿਤ ਨਤੀਜਿਆਂ ਦੀ ਛਾਣਬੀਣ ਕੀਤੀ ਗਈ।

# ਕਮਿਉਨਟੀ ਹੈਲਥ ਪ੍ਰੋਫਾਈਲਸ ਦੀ ਜਾਣਕਾਰੀ ਦਾ ਪ੍ਰਸਾਰਣ

- ਦੋ ਮੁੱਖ ਤਰੀਕਿਆਂ ਰਾਹੀਂ – ਲਿਖਤੀ ਰਿਪੋਰਟ ਅਤੇ ਪੌਵਰ ਪੋਆਇੰਟ ਸਲਾਈਡਾਂ ਰਾਹੀਂ ਅੰਕੜਿਆਂ ਦੇ ਪ੍ਰਦਰਸ਼ਣ ਰਾਹੀਂ
- ਬਰਮਿੰਘਮ ਸਿਟੀ ਕਾਊਂਸਿਲ ਦੀ ਵੈਬਸਾਈਟ ਦੇ ਭਾਈਚਾਰਕ ਪੰਨਿਆਂ ਉੱਤੇ ਛਾਪਿਆ ਜਾਵੇਗਾ
- ਜੇ ਠੀਕ ਸਮਝਿਆ ਗਿਆ ਤਾਂ ਘੱਟੋ ਘੱਟ ਇੱਕ ਸਬੰਧਤ ਮੁੱਖ ਬੋਲੀ ਵਿੱਚ ਤਰਜਮਾ ਕੀਤਾ ਜਾਵੇਗਾ
- ਯੂ ਟਿਊਬ ਉੱਤੇ ਵਿਡਿਓ ਪਾਈਆਂ ਜਾਣਗੀਆਂ
- ਲੋਕਾਂ ਤੱਕ ਜਾਣਕਾਰੀ ਪਹੁੰਚਾਉਣ ਲਈ ਵੈਬੀਨਾਰ ਕੀਤੇ ਜਾਣਗੇ
  - ਅੰਦਰੂਨੀ
  - ਬਾਹਰੀ
    - ਖ਼ਾਸ ਭਾਈਚਾਰਿਆਂ ਵਿੱਚ
    - ਭਾਈਵਾਲ ਸੰਸਥਾਵਾਂ ਅਤੇ ਭਾਈਚਾਰਿਆਂ ਵਿੱਚ

# ਸਿੱਖ ਕਮਿਉਨਿਟੀ ਹੈਲਥ ਪ੍ਰੋਫਾਈਲ

PROUD HOST CITY
BIRMINGHAM 2022
commonwealth games



Making a positive diference every day to people's lives

Birmingham City Council

# ਖੋਜ ਕਰਨ ਵਿੱਚ ਕਮੀਆਂ

- ਵਰਤੇ ਗਏ ਜਨਸੰਖਿਆ ਅੰਕੜੇ 2011 ਦੀ ਮਰਦਮਸ਼ੁਮਾਰੀ ਤੋਂ ਲਏ ਗਏ ਹਨ ਜਿਨ੍ਹਾਂ ਦੀ ਹੁਣ ਤੱਕ ਬਦਲ ਜਾਣ ਦੀ ਸੰਭਾਵਨਾ ਹੈ। ਇਸ ਲਈ ਆਬਾਦੀ ਬਾਰੇ ਸਿੱਟੇ ਸਾਵਧਾਨੀ ਨਾਲ ਵਰਤੇ ਜਾਣੇ ਚਾਹੀਦੇ ਹਨ
- ਡੇਟਾ ਇਕੱਠਾ ਕਰਨ ਵਿੱਚ ਸੀਮਾਵਾਂ ਸਨ, ਇਸ ਲਈ ਸਿੱਖ ਆਬਾਦੀ ਦੇ ਤਜਰਬੇ ਨੂੰ ਉਹਨਾਂ ਦੀ ਸਿਹਤ ਨਾਲ ਸਬੰਧਤ ਵਿਸ਼ਿਆਂ ਦੇ ਸੰਦਰਭ ਵਿੱਚ ਪੂਰੀ ਤਰ੍ਹਾਂ ਸਮਝਣ ਲਈ ਸੀਮਤ ਸਬੂਤ ਸਾਹਮਣੇ ਆਏ ਸਨ।

# ਰਾਸ਼ਟਰੀ ਅਤੇ ਬਰਮਿੰਘਮ ਸੰਧਰਭ

- ਜ਼ਿਆਦਾਤਰ ਬ੍ਰਿਟਿਸ਼ ਸਿੱਖ 1950 ਅਤੇ 1960 ਦੇ ਦਹਾਕੇ ਵਿੱਚ ਪੰਜਾਬ, ਭਾਰਤ ਤੋਂ, ਬ੍ਰਿਟਿਸ਼ ਉਦਯੋਗਾਂ ਜਿਵੇਂ ਕਿ ਫਾਊਂਡਰੀਜ਼ ਅਤੇ ਟੈਕਸਟਾਈਲ ਵਿੱਚ ਕੰਮ ਕਰਨ ਲਈ, ਜਾਂ ਬਾਅਦ ਵਿੱਚ ਅਫ਼ਰੀਕਾ ਵਿੱਚ ਵਧਦੇ ਇੰਡੋਫੋਬੀਆ ਕਾਰਨ ਪੂਰਬੀ ਅਫ਼ਰੀਕਾ ਤੋਂ ਪਰਵਾਸ ਕਰ ਗਏ ਸਨ।
- ਪਰ, ਯੂਕੇ ਵਿੱਚ ਨਸਲੀ ਤਣਾਅ ਦੇ ਕਾਰਨ 1950 ਦੇ ਦਹਾਕੇ ਵਿੱਚ ਕੁਝ ਸਿੱਖ ਪ੍ਰਵਾਸੀਆਂ ਨੇ ਨਸਲੀ ਪੱਖਪਾਤ ਤੋਂ ਬਚਣ ਅਤੇ ਨੌਕਰੀ ਦੀਆਂ ਸੰਭਾਵਨਾਵਾਂ ਨੂੰ ਵਧਾਉਣ ਲਈ ਆਪਣੇ ਬਾਹਰੀ ਧਾਰਮਿਕ ਚਿੰਨ੍ਹ (ਪੱਗੜੀ, ਲੰਬੇ ਵਾਲ ਅਤੇ ਦਾੜ੍ਹੀ) ਨੂੰ ਹਟਾ ਦਿੱਤਾ ਸੀ।
- ਅੱਧੇ (52%) ਤੋਂ ਵੱਧ ਸਿੱਖ 1981 ਤੋਂ ਪਹਿਲਾਂ ਬਰਤਾਨੀਆ ਪਹੁੰਚੇ ਸਨ ਅਤੇ ਆਉਣ ਦੇ ਹਾਲੀਆ ਸਮੇਂ ਦੌਰਾਨ ਇਹ ਗਿਣਤੀ ਘਟਦੀ ਰਹੀ ਹੈ।
- ਬਰਮਿੰਘਮ ਵਿੱਚ ਪਰਵਾਸ ਕਰਨ ਵੇਲੇ, ਸਿੱਖ ਅਕਸਰ ਸਪਾਰਕ ਹਿੱਲ, ਹੈਂਡਸਵਰਥ ਅਤੇ ਐਸਟਨ ਵਰਗੇ ਖੇਤਰਾਂ ਵਿੱਚ ਆਪਣੇ ਸੰਯੁਕਤ ਪਰਿਵਾਰਾਂ ਨਾਲ ਰਹਿੰਦੇ ਸਨ ਅਤੇ ਮੁੱਖ ਤੌਰ 'ਤੇ ਫਾਊਂਡਰੀਆਂ ਵਿੱਚ ਕੰਮ ਕਰਦੇ ਸਨ।
- ਸਿੱਖਾਂ ਦਾ ਸਭ ਤੋਂ ਵੱਧ ਅਨੁਪਾਤ ਹੈਂਡਸਵਰਥ ਵੁੱਡ (25%) ਅਤੇ ਸੋਹੋ (11.3%) ਖੇਤਰਾਂ ਵਿੱਚ ਸਥਿਤ ਹੈ।
- ਇਸ ਤੋਂ ਬਾਅਦ ਹਾਰਬੋਰਨ, ਹਾਲ ਗ੍ਰੀਨ, ਲੋਜ਼ਲ ਅਤੇ ਈਸਟ ਹੈਂਡਸਵਰਥ ਇਲਾਕੇ ਆਉਂਦੇ ਹਨ ਜਿੱਥੇ ਹਰ ਇਲਾਕੇ ਵਿੱਚ 6% ਤੋਂ ਵੱਧ ਸਿੱਖ ਰਹਿੰਦੇ ਹਨ।



# ਸਿਹਤ ਦੀਆਂ ਮੁੱਖ ਨਾ-ਬਰਾਬਰੀਆਂ

- ਕਾਰਡੀਓਵੈਸਕੂਲਰ (ਦਿਲ ਬਾਰੇ) ਬੀਮਾਰੀਆਂ ਅਤੇ ਡਾਇਆਬੀਟੀਜ਼ (ਸ਼ੂਗਰ) ਦਾ ਵੱਧ ਰਿਹਾ ਰੁਝਾਨ
- ਸ਼ਰਾਬ ਪੀਣ ਅਤੇ ਲਿਵਰ ਸਿਰੌਸਿਸ ਦਾ ਵੱਧ ਰਿਹਾ ਰੁਝਾਨ
- ਸਰਕਾਰ ਵਲੋਂ ਸੁਝਾਈਆਂ ਗਈਆਂ ਸਰੀਰਕ ਕਸਰਤਾਂ ਤੋਂ ਘੱਟ ਕਸਰਤਾਂ ਕਰਨਾ
- ਕੈਂਸਰ ਸਕ੍ਰੀਨਿੰਗ ਪ੍ਰੋਗਰਾਮਾਂ ਵਿੱਚ ਘੱਟ ਹਿੱਸਾ ਲੈਣਾ
- ਡਾਇਆਬੀਟੀਜ਼ (ਸ਼ੂਗਰ) ਦੇ ਕਾਰਨਾਂ ਅਤੇ ਇਸ ਨੂੰ ਕੰਟਰੋਲ ਕਰਨ ਬਾਰੇ ਜਾਣਕਾਰੀ ਦੀ ਘਾਟ
- ਸਿੱਖਾਂ ਅਤੇ ਸੇਵਾਵਾਂ ਪ੍ਰਦਾਨ ਕਰਨ ਵਾਲੀਆਂ ਏਜੰਸੀਆਂ ਵਿਚਕਾਰ ਸਭਿਆਚਾਰਕ ਅਤੇ ਭਾਸ਼ਾ ਦੇ ਆਧਾਰ ‘ਤੇ ਪੈਦਾ ਹੋਣ ਵਾਲੇ ਅੜਿੱਕੇ

# ਜ਼ਿੰਦਗੀ ਦਾ ਸਭ ਤੋਂ ਵਧੀਆ ਆਰੰਭ ਕਰਨਾ

- ਬਰਮਿੰਘਮ ਵਿੱਚ 7,710 ਬੱਚੇ, ਸਿੱਖ ਬੱਚਿਆਂ ਵਜੋਂ ਰਜਿਸਟਰਡ ਹਨ।
- ਸਕਾਟਲੈਂਡ ਵਿੱਚ ਖੋਜ ਨੇ ਦਿਖਾਇਆ ਕਿ ਸਿੱਖਾਂ ਵਿੱਚ ਕਿਸੇ ਵੀ ਧਾਰਮਿਕ ਸਮੂਹ ਤੋਂ ਬਾਹਰ ਖਸਰੇ ਦੀ ਟੀਕਾਕਰਨ ਦੀ ਦਰ ਸਭ ਤੋਂ ਵੱਧ ਹੈ।
- ਗੈਰ-ਸਿੱਖ ਬੱਚਿਆਂ ਦੇ ਮੁਕਾਬਲੇ ਸਿੱਖ ਬੱਚਿਆਂ ਵਿੱਚ ਡੀ ਪੀ ਟੀ, ਖਸਰਾ ਅਤੇ ਪੋਲੀਓ ਵੈਕਸੀਨ ਦਾ ਸੇਵਨ ਕਾਫ਼ੀ ਜ਼ਿਆਦਾ ਪਾਇਆ ਗਿਆ ਹੈ।



# ਦਿਮਾਗੀ ਸਿਹਤ ਅਤੇ ਤੰਦਰੁਸਤੀ

- **ਦਿਮਾਗੀ ਸਿਹਤ:** ਇਸਾਈ, ਮੁਸਲਿਮ, ਹਿੰਦੂ ਅਤੇ 'ਕਿਸੇ ਹੋਰ ਧਰਮ' ਵਜੋਂ ਪਛਾਣੇ ਗਏ ਲੋਕਾਂ ਦੇ ਮੁਕਾਬਲੇ, ਸਿੱਖਾਂ ਵਿੱਚ ਮਾਨਸਿਕ ਰੋਗਾਂ ਦਾ ਅਨੁਭਵ ਕਰਨ ਜਾਂ ਘੱਟ ਹੋਣ ਦੀ ਸੰਭਾਵਨਾ ਹੈ।
- **ਖ਼ੁਦਕੁਸ਼ੀ:** ਆਮ ਤੌਰ 'ਤੇ ਧਰਮ ਨੂੰ ਆਤਮ ਹੱਤਿਆ ਦੇ ਵਿਰੁੱਧ ਇੱਕ ਸੁਰੱਖਿਆ ਕਾਰਕ ਮੰਨਿਆ ਜਾਂਦਾ ਹੈ, ਹਾਲਾਂਕਿ ਮੌਤ ਦੇ ਸਰਟੀਫਿਕੇਟਾਂ 'ਤੇ ਧਰਮ ਦਰਜ ਨਹੀਂ ਕੀਤਾ ਜਾਂਦਾ। ਸਿੱਖਾਂ ਲਈ ਜੀਵਨ ਦਾ ਬਹੁਤ ਸਤਿਕਾਰ ਹੈ ਜਿਸ ਨੂੰ ਪਰਮਾਤਮਾ ਵੱਲੋਂ ਇੱਕ ਤੋਹਫ਼ਾ ਮੰਨਿਆ ਜਾਂਦਾ ਹੈ। ਸਿੱਖ ਗੁਰੂਆਂ ਨੇ ਆਤਮ ਹੱਤਿਆ ਨੂੰ ਰੱਦ ਕੀਤਾ ਹੈ, ਕਿਉਂਕਿ ਇਸ ਨੂੰ ਰੱਬ ਦੇ ਕੰਮਾਂ ਵਿੱਚ ਦਖਲਅੰਦਾਜ਼ੀ ਸਮਝਿਆ ਜਾਂਦਾ ਹੈ।
- **ਸ਼ਰਾਬ:** ਗੈਰ ਅੰਮ੍ਰਿਤਧਾਰੀ ਸਿੱਖਾਂ ਵਿੱਚ ਸ਼ਰਾਬ ਪੀਣ ਵਾਲਿਆਂ ਦੀ ਗਿਣਤੀ ਆਮ ਲੋਕਾਂ ਨਾਲੋਂ ਵੱਧ ਹੈ। 4 ਵਿੱਚੋਂ 1 ਸਿੱਖ ਦੇ ਪਰਿਵਾਰ ਵਿੱਚ ਕਿਸੇ ਮੈਂਬਰ ਨੂੰ ਪੀਣ ਦੀ ਸਮੱਸਿਆ ਹੈ।



- **ਤੰਬਾਕੂਨੋਸ਼ੀ:** ਈਸਾਈਆਂ ਦੇ ਮੁਕਾਬਲੇ ਗੈਰ-ਅੰਮ੍ਰਿਤਧਾਰੀ ਸਿੱਖਾਂ ਵਿੱਚ ਸਿਗਰਟਨੋਸ਼ੀ ਦੀ ਦਰ ਘੱਟ ਹੈ। ਇਹ ਦਰ ਹਿੰਦੂ ਅਤੇ ਯਹੂਦੀ ਧਰਮਾਂ ਦਾ ਪਾਲਣ ਕਰਨ ਵਾਲੇ ਲੋਕਾਂ ਦੇ ਬਰਾਬਰ ਹੈ।

# ਸਿਹਤਮੰਦ ਅਤੇ ਸਸਤੀ ਖ਼ੁਰਾਕ

- ਸਿੱਖਾਂ ਦੀ ਔਸਤ ਕੈਲੋਰੀ **(3,216 KCAL)** ਰੋਜ਼ਾਨਾ ਸਿਫ਼ਾਰਸ਼ ਕੀਤੀ ਖੁਰਾਕ **(2,000 KCAL)** ਨਾਲੋਂ ਵੱਧ ਔਸਤ ਰੋਜ਼ਾਨਾ ਕੈਲੋਰੀ ਹੁੰਦੀ ਹੈ।
- ਅੰਮ੍ਰਿਤਧਾਰੀ ਸਿੱਖ ਲੈਕਟੋ-ਸ਼ਾਕਾਹਾਰੀ ਹੁੰਦੇ ਹਨ ਅਤੇ ਜਾਨਵਰਾਂ ਦੇ ਉਤਪਾਦਾਂ ਦੇ ਨਾਲ ਅੰਡੇ, ਮੱਛੀ ਅਤੇ ਕੁਝ ਸਮੱਗਰੀ ਨੂੰ ਛੱਡ ਦਿੰਦੇ ਹਨ।
- ਗੁਰਦੁਆਰਿਆਂ ਵਿੱਚ ਸਿਰਫ਼ ਸ਼ਾਕਾਹਾਰੀ ਭੋਜਨ ਹੀ ਪਰੋਸਿਆ ਜਾਂਦਾ ਹੈ, ਧਰਮ ਜਾਂ ਆਸਥਾ ਦੀ ਪਰਵਾਹ ਕੀਤੇ ਬਿਨਾਂ ਹਰ ਕਿਸੇ ਦਾ ਸਵਾਗਤ ਹੈ।
- **ਮੋਟਾਪਾ:** ਸਿਰਫ਼ ਸਿੱਖਾਂ ਬਾਰੇ ਸੀਮਤ ਜਾਣਕਾਰੀ ਮੌਜੂਦ ਹੈ, ਪਰ, ਸਿੱਖ ਮਰਦਾਂ ਦੇ ਸਰੀਰ ਵਿੱਚ ਕਾਕੇਸ਼ੀਅਨ ਮਰਦਾਂ ਦੇ ਮੁਕਾਬਲੇ ਕਾਫ਼ੀ ਜ਼ਿਆਦਾ ਚਰਬੀ ਹੁੰਦੀ ਹੈ

# ਹਰ ਉਮਰ ਚੁਸਤੀ ਅਤੇ ਹਿੰਮਤ

- ਯਹੂਦੀ, ਹਿੰਦੂ, ਈਸਾਈ ਅਤੇ ਬੋਧੀ ਪੈਰੋਕਾਰਾਂ ਨਾਲੋਂ ਘੱਟ ਸਿੱਖ ਸਰਕਾਰੀ ਸਿਫ਼ਾਰਸ਼ਾਂ (ਹਫ਼ਤੇ ਵਿੱਚ 150 ਮਿੰਟ ਦਰਮਿਆਨੀ ਸਰੀਰਕ ਗਤੀਵਿਧੀ) ਨੂੰ ਪੂਰਾ ਕਰਦੇ ਹਨ
- ਬ੍ਰਿਟਿਸ਼ ਸਿੱਖ ਰਿਪੋਰਟ 2018 ਦੇ ਸਰਵੇਖਣ ਵਿੱਚ 2,000 ਸਿੱਖ ਭਾਗੀਦਾਰਾਂ ਵਿੱਚੋਂ, 46% ਨੇ ਕਿਹਾ ਕਿ ਉਨ੍ਹਾਂ ਨੇ ਹਫ਼ਤੇ ਵਿੱਚ ਘੱਟੋ-ਘੱਟ ਕੁਝ ਵਾਰ ਕਸਰਤ ਲਈ ਸਮਾਂ ਨਿਰਧਾਰਤ ਕੀਤਾ ਹੈ। ਇਸ ਪੱਖ ਦੀ ਹੋਰ ਧਰਮਾਂ ਨਾਲ ਕੋਈ ਤੁਲਨਾ ਨਹੀਂ ਕੀਤੀ ਗਈ ਕਿਉਂਕਿ ਨਮੂਨੇ ਵਿੱਚ ਸਿਰਫ ਸਿੱਖ ਭਾਗੀਦਾਰਾਂ ਨੂੰ ਦਰਸਾਇਆ ਗਿਆ ਸੀ
- ਜਿਨ੍ਹਾਂ ਦੀ ਉਮਰ 65 ਸਾਲ ਤੋਂ ਵੱਧ ਸੀ, ਉਨ੍ਹਾਂ ਵਿੱਚ ਸਰੀਰਕ ਗਤੀਵਿਧੀ ਲਈ ਸਮਾਂ ਨਿਰਧਾਰਤ ਕਰਨ ਦੀ ਸਭ ਤੋਂ ਵੱਧ ਸੰਭਾਵਨਾ ਸੀ



# ਵਧੀਆ ਸਿੱਖਿਆ ਅਤੇ ਵਧੀਆ ਕੰਮ ਕਰਨਾ

- **ਯੋਗਤਾਵਾਂ**
  a) 22% ਸਿੱਖਾਂ ਪਾਸ ਕੋਈ ਯੋਗਤਾਵਾਂ ਨਹੀਂ ਹਨ, ਇਹ ਅਨੁਪਾਤ ਬਰਮਿੰਘਮ ਦੀ ਆਮ ਔਸਤ (28%) ਨਾਲੋਂ ਘੱਟ ਹੈ
  b) 28% ਸਿੱਖਾਂ ਪਾਸ ਲੈਵਲ 4 ਦੀਆਂ ਯੋਗਤਾਵਾਂ ਹਨ। ਬਰਮਿੰਘਮ ਦਾ ਔਸਤ ਅਨੁਪਾਤ 23% ਹੈ
- **ਕੰਮਕਾਰ:** 65.7% ਸਿੱਖ ਕੰਮਕਾਰ ਕਰਦੇ ਹਨ, ਇਹ ਬਰਮਿੰਘਮ ਦੇ ਔਸਤ ਅਨੁਪਾਤ (59.2%) ਨਾਲੋਂ ਵੱਧ ਹੈ
- **ਘਰਾਂ ਦੀ ਰਿਹਾਇਸ਼:** ਬਰਮਿੰਘਮ ਦੀ 25% ਸਿੱਖ ਵਸੋਂ ਆਪਣੇ ਘਰਾਂ ਵਿੱਚ ਇੱਕ ਤੋਂ ਵੱਧ ਮੈਂਬਰਾਂ ਨਾਲ ਰਹਿੰਦੇ ਹਨ, ਜਦੋਂ ਕਿ ਇਹ ਸ਼ਹਿਰ ਦੀ ਆਮ ਵਸੋਂ (11%) ਨਾਲੋਂ ਵੱਧ ਹੈ
- **ਮੈਨੇਜਰ:** ਬਰਮਿੰਘਮ ਦੀ ਆਮ ਵਸੋਂ ਦੇ ਮੁਕਾਬਲੇ ਸਿੱਖ ਵੱਧ ਗਿਣਤੀ ਵਿੱਚ ਮੈਨੇਜਰਾਂ ਵਰਗੀਆਂ ਨੌਕਰੀਆਂ ਕਰਦੇ ਹਨ

# ਬਚਾਓ ਅਤੇ ਛਾਣਬੀਣ ਕਰਨਾ

- **ਕੈਂਸਰ ਸਕ੍ਰੀਨਿੰਗ:** ਘੱਟ ਸਿੱਖ ਕੈਂਸਰ ਸਕ੍ਰੀਨਿੰਗ ਕਰਾਉਂਦੇ ਹਨ ( ਜਿਵੇਂ ਕਿ ਕੋਲੋਰੈਕਟਲ ਸਕ੍ਰੀਨਿੰਗ ਵਾਸਤੇ 5 ਵਿੱਚੋਂ 3 ਸਿੱਖ ਸਕ੍ਰੀਨਿੰਗ ਕਰਾਉਣ ਨਹੀਂ ਗਏ)
- **70 ਸਾਲ ਤੋਂ ਵੱਧ ਉਮਰ ਵਾਲੇ ਲੋਕਾਂ ਵਲੋਂ ਕੋਵਿਡ-19 ਵੈਕਸੀਨ ਦੇ ਟੀਕੇ ਲਵਾਉਣਾ:** ਇਸਾਈਆਂ, ਯਹੂਦੀਆਂ ਅਤੇ ਹਿੰਦੂ ਲੋਕਾਂ ਤੋਂ ਬਾਅਦ ਟੀਕੇ ਲਵਾਉਣ ਵਿੱਚ ਸਿੱਖਾਂ ਦਾ ਚੌਥਾ ਨੰਬਰ ਹੈ, ਪਰ ਇਹ ਨੰਬਰ ਮੁਸਲਮਾਨ ਆਬਾਦੀ ਨਾਲੋਂ ਉੱਪਰ ਹੈ
- **ਹਿਊਮਨ ਪੈਪੀਲੋਮਾਵਾਇਰਸ (HPV) ਵੈਕਸੀਨ ਦੇ ਟੀਕੇ:** ਸਿੱਖ ਕੁੜੀਆਂ ਦੀ ਗਿਣਤੀ ਆਮ ਆਬਾਦੀ ਦੇ ਮੁਕਾਬਲੇ ਘੱਟ ਹੈ। ਗੁਣਾਤਮਕ ਸਬੂਤ ਦਿਖਾਉਂਦੇ ਹਨ ਕਿ ਮਰਦਾਂ ਨੂੰ HPV ਬਾਰੇ ਘੱਟ ਸਮਝ ਹੈ
- **ਕਾਮੁਕ ਬੀਮਾਰੀਆਂ ਦੀ ਲਾਗ (STI):** ਇਹ ਧਾਰਨਾ ਹੈ ਕਿ ਕੁੜੀਆਂ ਨੂੰ ਅਜਿਹੀਆਂ ਬੀਮਾਰੀਆਂ ਜ਼ਿਆਦਾ ਲਗਦੀਆਂ ਹਨ, ਅਤੇ ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜੇਕਰ ਤੁਹਾਨੂੰ ਬੀਮਾਰੀ ਦੀਆਂ ਕੋਈ ਨਿਸ਼ਾਨੀਆਂ ਨਹੀਂ ਦਿਸਦੀਆਂ, ਤਾਂ ਤੁਹਾਨੂੰ ਇਹ ਬੀਮਾਰੀ ਨਹੀਂ ਹੈ
- **ਬੱਚਾ ਦਾਨੀ ਦੇ ਰੋਗ:** ਸਭਿਆਚਾਰਕ ਬੰਦਸ਼ਾਂ ਅਤੇ ਬਦਨਾਮੀਆਂ ਇਸ ਬੀਮਰੀ ਦੀ ਪਛਾਣ ਕਰਨ ਵਿੱਚ ਰੁਕਾਵਟਾਂ ਬਣਦੀਆਂ ਹਨ



# ਚੰਗੀ ਉਮਰ ਭੋਗ ਕੇ ਮਰਨਾ

- **ਡਾਇਬੀਟੀਜ਼:** ਯੂਕੇ ਵਿੱਚ ਗੋਰੇ ਯੂਰਪੀਅਨ ਲੋਕਾਂ ਦੀ ਤੁਲਨਾ ਵਿੱਚ ਦੱਖਣੀ ਏਸ਼ੀਆਈ ਲੋਕਾਂ ਵਿੱਚ ਸ਼ੂਗਰ ਹੋਣ ਦਾ ਖ਼ਤਰਾ 2 ਤੋਂ 6 ਗੁਣਾ ਵੱਧ ਹੈ।
- **ਡਿਮੈਂਸ਼ੀਆ:** 11% ਸਿੱਖ ਪਰਿਵਾਰਾਂ ਨੇ ਰਿਪੋਰਟ ਕੀਤੀ ਕਿ ਉਨ੍ਹਾਂ ਦੇ ਘਰ ਵਿੱਚ ਕੋਈ ਨਾ ਕੋਈ ਵਿਅਕਤੀ ਡਿਮੈਂਸ਼ੀਆ ਜਾਂ ਅਲਜ਼ਾਈਮਰ ਦਾ ਸ਼ਿਕਾਰ ਹੈ। ਦਿਮਾਗੀ ਕਮਜ਼ੋਰੀ ਨੂੰ ਕਲੰਕ ਸਮਝਣ ਦੀਆਂ ਨਕਾਰਾਤਮਕ ਧਾਰਨਾਵਾਂ ਪਰਿਵਾਰਾਂ ਵਿੱਚ ਬੀਮਾਰੀ ਦੇ ਲੱਛਣਾਂ ਨੂੰ ਲੁਕਾਉਣ ਵਿੱਚ ਯੋਗਦਾਨ ਪਾਉਂਦੀਆਂ ਹਨ।
- **ਜੀਵਨ ਦੇ ਅੰਤ ਬਾਰੇ ਪ੍ਰਬੰਧ ਕਰਨਾ:** ਜਦੋਂ ਜੀਵਨ ਦੇ ਅੰਤ ਦੀ ਦੇਖਭਾਲ ਬਾਰੇ ਕੋਈ ਪ੍ਰਬੰਧ ਬਾਰੇ 321 ਲੋਕਾਂ ਨੂੰ ਪੁੱਛਿਆ ਗਿਆ ਤਾਂ ਪਤਾ ਲੱਗਾ ਕਿ 3 ਵਿੱਚੋਂ ਸਿਰਫ 1 ਸਿੱਖ ਨੂੰ ਹੀ 'ਐਡਵਾਂਸ ਕੇਅਰ ਪਲੈਨਿੰਗ' ਬਾਰੇ ਕੁੱਝ ਸਮਝ ਸੀ।
- **ਮਰਨਾ:** ਧਾਰਮਿਕ ਸੰਸਕਾਰਾਂ ਅਨੁਸਾਰ ਮਰਨ ਦੀ ਇੱਛਾ ਲੋਕਾਂ ਵਿੱਚ ਆਮ ਹੈ, ਪਰ ਬਹੁਤ ਸਾਰੇ ਸਿੱਖ ਨਹੀਂ ਜਾਣਦੇ ਕਿ ਇਸ ਇੱਛਾ ਨੂੰ ਕਿਵੇਂ ਦੱਸਿਆ ਜਾਵੇ। 321 ਸਿੱਖਾਂ ਦੇ ਸਰਵੇਖਣ ਵਿੱਚੋਂ ਸਿਰਫ ਇੱਕ ਤਿਹਾਈ ਭਾਗੀਦਾਰਾਂ ਨੂੰ ਇਸ ਬਾਰੇ ਕੁਝ ਸਮਝ ਸੀ ਕਿ ਅਡਵਾਂਸਡ ਕੇਅਰ ਪਲੈਨਿੰਗ ਕੀ ਹੈ।





# ਅਮੀਰੀ ਗਰੀਬੀ ਦੇ ਪਾੜੇ ਨੂੰ ਘਟਾਉਣਾ

- **ਬਰਮਿੰਘਮ ਦੇ 20% ਬਹੁਤੇ ਗਰੀਬ ਇਲਾਕਿਆਂ ਦੀ ਰਿਹਾਇਸ਼:** ਧਰਮ ਦੇ ਆਧਾਰ ‘ਤੇ ਇਨ੍ਹਾਂ ਇਲਾਕਿਆਂ ਵਿੱਚ ਰਹਿਣ ਵਾਲੇ ਸਿੱਖ ਚੌਥੇ ਨੰਬਰ ‘ਤੇ (45.7%) ਹਨ; ਇਹ ਅਨੁਪਾਤ ਮੁਸਲਮਾਨਾਂ (84.2%), ਬੋਧੀਆਂ (51.1%), ਈਸਾਈਆਂ (49.9%) ਤੋਂ ਘੱਟ ਹੈ, ਪਰ ਹਿੰਦੂ (45.0%) ਅਤੇ ਯਹੂਦੀ ਨਾਗਰਿਕਾਂ (29.2%) ਤੋਂ ਵੱਧ ਹੈ।
- 2.9% ਸਿੱਖ ਘੱਟ ਤੋਂ ਘੱਟ ਵਾਂਝੇ (ਅਮੀਰ) ਖੇਤਰਾਂ ਵਿੱਚ ਰਹਿੰਦੇ ਹਨ (2% ਬੋਧੀ ਅਤੇ 4% ਈਸਾਈ)
- ਸਿਹਤਮੰਦ ਜੀਵਨ ਦੀ ਸੰਭਾਵਨਾ ਨੂੰ ਗਰੀਬ ਇਲਾਕਿਆਂ ਨਾਲ ਜੋੜਨਾ: ਬਰਮਿੰਘਮ ਦੇ ਸਭ ਤੋਂ ਵਾਂਝੇ (ਗਰੀਬ) ਖੇਤਰਾਂ ਵਿੱਚ ਰਹਿਣ ਵਾਲੇ 45.7% ਸਿੱਖ ਆਪਣੀ ਉਮਰ ਦੇ 20 ਸਾਲ ਘੱਟ ਜਿਉਣ ਦੀ ਸੰਭਾਵਨਾ ਰੱਖਦੇ ਹਨ।



# ਹਰਾ ਅਤੇ ਟਿਕਾਊ ਭਵਿੱਖ




- ਸਿੱਖ ਆਪਣੇ ਗੁਰੂਆਂ ਦੇ ਉਪਦੇਸ਼ਾਂ ਦਾ ਸਤਿਕਾਰ ਕਰਦੇ ਹਨ। ਉਹ ਮੰਨਦੇ ਹਨ ਕਿ ਮਨੁੱਖਾਂ ਨੂੰ ਕੁਦਰਤੀ ਸੰਸਾਰ ਪ੍ਰਤੀ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ ਅਤੇ ਸਾਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਧਰਤੀ ਦੀ ਰੱਖਿਆ ਕਰਨੀ ਚਾਹੀਦੀ ਹੈ
- ਗ੍ਰੀਨ ਜਸਟਿਸ ਵਾਰਡਾਂ ਦਾ ਸੰਯੁਕਤ ਸੂਚਕ ਅੰਕ ਦਰਸਾਉਂਦਾ ਹੈ ਕਿ ਬਹੁਗਿਣਤੀ (36%) ਸਿੱਖ ਆਬਾਦੀ ਹੈਂਡਸਵਰਥ ਅਤੇ ਸੋਹੋ, ਸਭ ਤੋਂ **ਘੱਟ ਤਰਜੀਹੀ** ਵਾਰਡਾਂ ਦੇ ਦੂਜੇ ਨੰਬਰ ਦੇ ਖੇਤਰਾਂ ਵਿੱਚ ਰਹਿੰਦੀ ਹੈ।
- 9.1% ਸਿੱਖ **ਸਭ ਤੋਂ ਵੱਧ** ਤਰਜੀਹੀ ਖੇਤਰਾਂ ਵਿੱਚ ਰਹਿੰਦੇ ਹਨ

# ਕੋਵਿਡ-19 ਦੇ ਅਸਰਾਂ ਨੂੰ ਘਟਾਉਣਾ

- NHS ਰਿਕਾਰਡਾਂ ਅਤੇ ਮੌਤ ਦੇ ਸਰਟੀਫਿਕੇਟਾਂ ਵਿੱਚ ਕੋਵਿਡ ਮਹਾਂਮਾਰੀ ਦੌਰਾਨ ਧਰਮ ਨੂੰ ਸਹੀ ਦਰਜ ਨਹੀਂ ਕੀਤਾ ਗਿਆ ਹੈ, ਜਿਸ ਕਾਰਨ ਮੌਤਾਂ ਦੀ ਸਹੀ ਤਸਵੀਰ ਪੇਸ਼ ਕਰਨੀ ਔਖੀ ਹੈ
- ਸਿੱਖ ਕੌਮ ਵਿੱਚ ਵੱਧ ਰਹੀਆਂ ਮੌਤਾਂ ਤੋਂ 96% ਸਿੱਖ ਚਿੰਤਤ ਸਨ
- ਯੂਕੇ ਵਿੱਚ ਸਿੱਖਾਂ ਦੀਆਂ ਕੁੱਲ ਮੌਤਾਂ ਵਿੱਚੋਂ 47% ਜਨਵਰੀ ਤੋਂ ਮਾਰਚ 2020 ਤੱਕ ਵੈਸਟ ਮਿਡਲੈਂਡਜ਼ ਵਿੱਚ ਹੋਈਆਂ, ਇਹ ਅਪ੍ਰੈਲ 2020 ਦੇ ਅੱਧ ਤੱਕ ਵੱਧ ਕੇ 60% ਹੋ ਗਈਆਂ।
- ਸਿੱਖ ਕੋਵਿਡ-19 ਤੋਂ ਜ਼ਿਆਦਾ ਪ੍ਰਭਾਵਿਤ ਹੋ ਸਕਦੇ ਹਨ, ਕਿਉਂਕਿ ਇਹ ਹੋਰ ਧਰਮਾਂ ਦੇ ਮੁਕਾਬਲੇ ਸੰਯੁਕਤ ਪਰਿਵਾਰਾਂ ਵਿੱਚ ਰਹਿੰਦੇ ਹਨ।



# ਸਿੱਖ ਕਮਿਊਨਿਟੀ ਹੈਲਥ ਪ੍ਰੋਫਾਈਲ ਦੇ ਅੰਕੜੇ



# 1 ਸਿੱਖ ਭਾਈਚਾਰੇ ਦੀ ਰੂਪ ਰੇਖਾ

## ਅੰਤਰ ਰਾਸ਼ਟਰੀ, ਰਾਸ਼ਟਰੀ ਅਤੇ ਬਰਮਿੰਘਮ ਦਾ ਸੰਦਰਭ

**420,196**

ਇੰਗਲੈਂਡ ਵਿੱਚ ਰਹਿਣ ਵਾਲੇ ਲੋਕ ਆਪਣੇ ਆਪ ਨੂੰ ਸਿੱਖ ਕਹਾਉਂਦੇ ਹਨ। ਇਹ ਧਰਮ ਯੂਕੇ ਦੇ ਘੱਟ ਗਿਣਤੀ ਧਾਰਮਿਕ ਗਰੁੱਪਾਂ ਵਿੱਚ ਤੀਜੇ ਨੰਬਰ ਉੱਤੇ ਆਉਂਦਾ ਹੈ।
ਯੂਕੇ ਵਿੱਚ ਸਭ ਤੋਂ ਵੱਧ ਸਿੱਖ ਲੰਡਨ ਵਿੱਚ ਰਹਿੰਦੇ ਹਨ।

**133,681**

ਵੈਸਟ ਮਿਡਲੈਂਡਜ਼ ਵਿੱਚ ਰਹਿਣ ਵਾਲੇ ਲੋਕ ਆਪਣੇ ਆਪ ਨੂੰ ਸਿੱਖ ਕਹਾਉਂਦੇ ਹਨ, ਜਿਨ੍ਹਾਂ ਵਿੱਚੋਂ **32,276** ਬਰਮਿੰਘਮ ਵਿੱਚ ਰਹਿੰਦੇ ਹਨ। ਇਹ, ਇਸ ਸ਼ਹਿਰ ਦੀਆਂ ਘੱਟ ਗਿਣਤੀ ਕੌਮਾਂ ਵਿੱਚੋਂ ਦੂਜਾ ਵੱਡਾ ਧਾਰਮਿਕ ਗਰੁੱਪ (3%) ਹੈ।

**59.7%**

ਬਰਮਿੰਘਮ ਦੇ ਤਕਰੀਬਨ 60% ਸਿੱਖ ਇੰਗਲੈਂਡ ਵਿੱਚ ਹੀ ਪੈਦਾ ਹੋਏ ਸਨ। ਇਹ ਗਿਣਤੀ ਮਿਡਲ ਈਸਟ ਜਾਂ ਏਸ਼ੀਆ (35%) ਅਤੇ ਅਫ਼ਰੀਕਾ (4%) ਵਿੱਚ ਪੈਦਾ ਹੋਏ ਸਿੱਖਾਂ ਨਾਲੋਂ ਕਾਫ਼ੀ ਵੱਧ ਹੈ।

**63%**

ਬਰਮਿੰਘਮ ਵਿੱਚ 60% ਤੋਂ ਵੱਧ ਸਿੱਖ ਆਪਣੇ ਆਪ ਨੂੰ ਬ੍ਰਿਟਿਸ਼ ਕਹਾਉਂਦੇ ਹਨ। ਇਸ ਪਛਾਣ ਦੀ ਗਿਣਤੀ ਇੰਗਲਿਸ਼ (16%) ਅਤੇ ਗ਼ੈਰ-ਯੂਕੇ (15%) ਨਾਲੋਂ ਬਹੁਤ ਜ਼ਿਆਦਾ ਹੈ।

**0-4yrs**

ਬਰਮਿੰਘਮ ਵਿੱਚ ਸਿੱਖਾਂ ਦੀ **6.0%** ਆਬਾਦੀ ਦੇ ਮੁਕਾਬਲੇ ਸ਼ਹਿਰ ਦੀਆਂ ਔਰਤਾਂ ਦੀ ਕੁੱਲ ਆਬਾਦੀ **7%** ਹੈ

ਬਰਮਿੰਘਮ ਵਿੱਚ ਸਿੱਖਾਂ ਦੀ **6.5%** ਆਬਾਦੀ ਦੇ ਮੁਕਾਬਲੇ ਸ਼ਹਿਰ ਵਿੱਚ ਮਰਦਾਂ ਦੀ ਕੁੱਲ ਆਬਾਦੀ **8%** ਹੈ

**>65yrs**

ਬਰਮਿੰਘਮ ਵਿੱਚ ਸਿੱਖਾਂ ਦੀ **10%** ਆਬਾਦੀ ਦੇ ਮੁਕਾਬਲੇ ਸ਼ਹਿਰ ਦੀਆਂ ਔਰਤਾਂ ਦੀ ਕੁੱਲ ਆਬਾਦੀ **14%** ਹੈ

ਬਰਮਿੰਘਮ ਵਿੱਚ ਸਿੱਖਾਂ ਦੀ **8%** ਆਬਾਦੀ ਦੇ ਮੁਕਾਬਲੇ ਸ਼ਹਿਰ ਵਿੱਚ ਮਰਦਾਂ ਦੀ ਕੁੱਲ ਆਬਾਦੀ **11.5%** ਹੈ

ਸੰਸਾਰ ਵਿੱਚ 22 ਮਿਲਿਅਨ ਤੋਂ ਵੱਧ ਸਿੱਖ ਰਹਿੰਦੇ ਹਨ, ਜਿਨ੍ਹਾਂ ਵਿੱਚੋਂ 90% ਹਿੰਦੋਸਤਾਨ ਵਿੱਚ ਹੀ ਰਹਿੰਦੇ ਹਨ। ਸਿੱਖ ਧਰਮ ਹਿੰਦੋਸਤਾਨ ਦਾ ਚੌਥਾ ਵੱਡਾ ਧਰਮ ਹੈ ਅਤੇ ਜਿਸ ਦੀ ਬਹੁਤਾਤ ਪੰਜਾਬ ਵਿੱਚ ਹੈ। ਕੈਨੇਡਾ ਵਿੱਚ ਸਿੱਖਾਂ ਦੀ ਗਿਣਤੀ ਸੰਸਾਰ ਵਿੱਚ ਦੂਜੇ ਨੰਬਰ ਉੱਤੇ ਹੈ, ਅਤੇ ਇਸ ਤੋਂ ਬਾਅਦ ਯੂਕੇ ਦਾ ਨੰਬਰ ਆਉਂਦਾ ਹੈ। ਇਸ ਤੋਂ ਇਲਾਵਾ ਬਾਕੀ ਦੇਸ਼ ਇਹ ਹਨ ਜਿੱਥੇ ਸਿੱਖਾਂ ਦੀ ਕਾਫ਼ੀ ਗਿਣਤੀ ਹੈ ਅਤੇ ਇਨ੍ਹਾਂ ਵਿੱਚ ਯੂ ਐਸ, ਆਸਟਰੇਲੀਆ, ਮਲੇਸ਼ੀਆ, ਕੈਨੀਆ ਅਤੇ ਯੂਗੰਡਾ ਸ਼ਾਮਲ ਹਨ।

## ਸਿੱਖ ਧਰਮ ਦਾ ਆਰੰਭ

### 15ਵੀਂ ਸਦੀ

ਵਿੱਚ ਸਿੱਖ ਧਰਮ ਦੀ ਨੀਂਹ ਰੱਖੀ ਗਈ ਸੀ, ਕਿਹਾ ਜਾਂਦਾ ਹੈ ਕਿ ਇਹ ਧਰਮ ਪੰਜਾਬ ਵਿੱਚ ਸ਼ੁਰੂ ਹੋਇਆ ਸੀ (ਜਿਹੜਾ ਦੇਸ਼ ਦੀ ਵੰਡ ਤੋਂ ਬਾਅਦ ਪਾਕਿਸਤਾਨ ਅਤੇ ਭਾਰਤ ਵਿੱਚ ਵੰਡਿਆ ਗਿਆ) **ਗੁਰੂ ਨਾਨਕ ਦੇਵ ਜੀ** ਇਸ ਦੇ ਮੋਢੀ ਸਨ ਅਤੇ ਦਸਾਂ ਗੁਰੂਆਂ ਵਿੱਚੋਂ ਪਹਿਲੇ ਸਨ।

### ਪਾਠ ਪੂਜਾ ਦਾ ਸਥਾਨ

ਸਿੱਖ ਆਪਣੇ ਧਰਮ ਦੀ ਪੂਜਾ ਗੁਰਦਵਾਰਿਆਂ ਜਾਂ ਘਰਾਂ ਵਿੱਚ ਕਰਦੇ ਹਨ। ਇਸ ਧਰਮ ਵਿੱਚ ਪਾਠ ਕਰਨਾ, ਧਿਆਨ ਲਗਾਉਣਾ, ਗੁਰੂ ਗਰੰਥ ਸਾਹਿਬ ਦੀ ਸੇਵਾ ਕਰਨਾ ਅਤੇ ਤਿਉਹਾਰ ਮਨਾਉਣੇ ਸ਼ਾਮਲ ਹਨ, ਜਿਸ ਵਿੱਚੋਂ ਖ਼ਾਸ ਕਰਕੇ ਵੈਸਾਖੀ ਉੱਤੇ ਵੱਧ ਜ਼ੋਰ ਦਿੱਤਾ ਜਾਂਦਾ ਹੈ, ਜਦੋਂ ਸਿੱਖ ਅੰਮ੍ਰਿਤ ਛੱਕ ਕੇ ਖ਼ਾਲਸਾ ਪੰਥ ਵਿੱਚ ਸ਼ਾਮਲ ਹੁੰਦੇ ਹਨ।

### ਲੰਗਰ

ਲੰਗਰ (ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਗਈ ਭੋਜਨ ਦੀ ਮੁਫ਼ਤ ਸੇਵਾ) ਹਰ ਗੁਰਦਵਾਰੇ ਵਿੱਚ ਚੱਲਦਾ ਹੈ ਅਤੇ ਕਈਆਂ ਥਾਵਾਂ ਉੱਤੇ ਇਹ ਬੇਘਰੇ ਅਤੇ ਗ਼ਰੀਬ ਲੋਕਾਂ ਨੂੰ ਵੀ ਵਰਤਾਇਆ ਜਾਂਦਾ ਹੈ। ਇਹ ਖਾਣਾ ਹਰ ਇੱਕ ਨੂੰ ਵਰਤਾਇਆ ਜਾਂਦਾ ਹੈ, ਭਾਵੇਂ ਉਸ ਦੀ ਕੋਈ ਵੀ ਜ਼ਾਤ, ਧਰਮ, ਰੰਗ, ਲਿੰਗ, ਅਮੀਰੀ/ਗ਼ਰੀਬੀ ਜਾਂ ਨਸਲ ਹੋਵੇ, ਜਿਸ ਰਾਹੀਂ ਮਨੁੱਖਤਾ ਨੂੰ ਇੱਕ ਮੰਨਣ ਦਾ ਸੰਦੇਸ਼ ਜਾਂਦਾ ਹੈ।

### 5 ਕਕਾਰ

ਸਿੱਖ ਕਿਸੇ ਵੀ ਉਮਰ ਵਿੱਚ ਅੰਮ੍ਰਿਤ ਛਕ ਕੇ ਖ਼ਾਲਸਾ ਪੰਥ ਵਿੱਚ ਸ਼ਾਮਲ ਹੋ ਸਕਦੇ ਹਨ। ਉਨ੍ਹਾਂ ਨੂੰ ਵੱਖਰੀ ਪਛਾਣ ਦਿੱਤੀ ਜਾਂਦੀ ਅਤੇ ਪੰਜ ਕਕਾਰ ਪਹਿਨਾਏ ਜਾਂਦੇ ਹਨ: ਕੇਸ, ਕੰਘਾ, ਕਛਹਿਰਾ, ਕੜਾ ਅਤੇ ਕਿਰਪਾਨ।

ਸੰਨ 2011 ਦੀ ਮਰਦਮਸ਼ੁਮਾਰੀ ਤੋਂ ਲਈ ਜਾਣਕਾਰੀ ਬਰਮਿੰਘਮ ਵਿੱਚ ਸਿੱਖਾਂ ਦੀ ਆਬਾਦੀ ਦਰਸਾਉਂਦੀ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਸਭ ਤੋਂ ਵੱਧ ਸਿੱਖਾਂ ਦੀ ਆਬਾਦੀ ਹੈਂਡਜ਼ਵਰਥ ਵੁੱਡ (25%) ਅਤੇ ਸੋਹੋ (11.3%) ਵਿੱਚ ਹੈ। ਹਾਰਬੋਰਨ, ਹਾਲ ਗਰੀਨ, ਲੋਜ਼ੈਲਜ਼ ਅਤੇ ਪੂਰਬੀ ਹੈਂਡਜ਼ਵਰਥ ਵਿੱਚ (6%) ਅਤੇ ਬਰਮਿੰਘਮ ਦੇ ਬਾਕੀ ਸਾਰੇ ਇਲਾਕਿਆਂ ਵਿੱਚ ਇੱਕੋ ਜਿਹੀ ਹੈ ਜਿਹੜੀ ਕਿ (5%) ਤੋਂ ਘੱਟ ਹੈ।

**ਬਰਮਿੰਘਮ ਦੇ ਵਾਰਡਾਂ ਵਿੱਚ ਸਿੱਖਾਂ ਦੀ ਆਬਾਦੀ ਦੀ ਦਰ**




ਉੱਪਰ ਦਿੱਤੇ ਗਏ ਨਕਸ਼ੇ ਵਿੱਚ ਵਾਰਡਾਂ ਦੀਆਂ ਹੱਦਬੰਦੀਆਂ ਮਈ 2018 ਤੋਂ ਪਹਿਲਾਂ ਦੀਆਂ ਹਨ, ਕਿਉਂਕਿ ਇਨ੍ਹਾਂ ਬਾਰੇ ਜਾਣਕਾਰੀ ਸੰਨ 2011 ਦੀ ਮਰਦਮਸ਼ੁਮਾਰੀ ਤੋਂ ਲਈ ਗਈ ਸੀ। ਨਵੀਂ ਮਰਦਮਸ਼ੁਮਾਰੀ ਅਨੁਸਾਰ ਵਾਰਡਾਂ ਦੀ ਨਵੀਂ ਹੱਦਬੰਦੀ ਸੰਨ 2022 ਵਿੱਚ ਉਪਲਬਧ ਹੋਵੇਗੀ।

Birmingham City Council
ਪਬਲਿਕ ਹੈਲਥ ਅਪ੍ਰੈਲ 2021
ਅੰਕੜੇ ਥੋੜ੍ਹੇ ਘੱਟ ਵੱਧ ਕੀਤੇ ਗਏ ਹਨ

# 2 ਸਿੱਖ ਭਾਈਚਾਰੇ ਦੀ ਰੂਪ ਰੇਖਾ

## ਮਾਨਸਿਕ ਸਿਹਤ ਅਤੇ ਤੰਦਰੁਸਤੀ

**77%**

2,000 ਸਿੱਖਾਂ ਦੇ ਕੀਤੇ ਗਏ ਸਰਵੇ ਤੋਂ ਪਤਾ ਲੱਗਾ ਹੈ ਕਿ 77% **ਸਿੱਖ ਸਮਝਦੇ ਹਨ ਕਿ ਉਨ੍ਹਾਂ ਦੇ ਜੀਵਨ ਤਣਾਉਪੂਰਣ ਹਨ।**

### ਤਣਾਓ ਦੇ ਕਾਰਨ

- ਨੌਕਰੀ 35%
- ਪਰਿਵਾਰਕ ਜ਼ਿੰਮੇਵਾਰੀਆਂ 27%
- ਸਮੇਂ ਦੀ ਘਾਟ 26%

### ਖ਼ੁਦਕੁਸ਼ੀ

ਸਿੱਖਾਂ ਦਾ ਜੀਵਨ ਪ੍ਰਤੀ ਉੱਚ ਸਤਿਕਾਰ ਹੈ ਜਿਸਨੂੰ ਪਰਮਾਤਮਾ ਦੀ ਦਾਤ ਵਜੋਂ ਵੇਖਿਆ ਜਾਂਦਾ ਹੈ। ਸਿੱਖ ਗੁਰੂਆਂ ਨੇ ਆਤਮ ਹੱਤਿਆ ਨੂੰ ਰੱਬ ਦੀ ਯੋਜਨਾ ਵਿੱਚ ਦਖਲਅੰਦਾਜ਼ੀ ਵਜੋਂ ਰੱਦ ਕਰ ਦਿੱਤਾ। ਦੁੱਖ ਨੂੰ ਕਰਮ ਦਾ ਇੱਕ ਹਿੱਸਾ ਕਿਹਾ ਜਾਂਦਾ ਹੈ, ਅਤੇ ਮਨੁੱਖਾਂ ਨੂੰ ਬਿਨਾਂ ਸ਼ਿਕਾਇਤ ਦੇ ਇਸ ਨੂੰ ਸਵੀਕਾਰ ਨਹੀਂ ਕਰਨਾ ਚਾਹੀਦਾ, ਬਲਕਿ ਆਪਣੀ ਸਥਿਤੀ ਨੂੰ ਸਭ ਤੋਂ ਵਧੀਆ ਬਣਾਉਣ ਲਈ ਕੰਮ ਕਰਨਾ ਚਾਹੀਦਾ ਹੈ।

**61%**

ਸਿੱਖਾਂ ਨੇ ਕਿਹਾ ਕਿ ਉਹ ਕਦੇ -ਕਦੇ ਪੀਂਦੇ ਹਨ, 4 **ਵਿੱਚੋਂ** 1 ਸਿੱਖ ਨੇ ਆਪਣੇ ਪਰਿਵਾਰ ਵਿੱਚ ਕਿਸੇ ਨੂੰ ਪੀਣ ਦੀ ਸਮੱਸਿਆ ਹੋਣ ਦੀ ਰਿਪੋਰਟ ਦਿੱਤੀ ਹੈ।

### ਬਾਲਗ਼ਾਂ ਦੀ ਤਮਾਕੂ ਨੋਸ਼ੀ ਦਾ ਵੇਰਵਾ

ਇੰਗਲੈਂਡ ਵਿੱਚ ਧਰਮ ਦੇ ਆਧਾਰ ਉੱਤੇ

**11%** ਈਸਾਈ

**5%** ਹਿੰਦੂ ਯਹੂਦੀ ਸਿੱਖ

**5%**

ਸਿੱਖਾਂ ਨੇ ਭੰਗ ਦੀ ਪੀਣ ਕੋਸ਼ਿਸ਼ ਕੀਤੀ ਸੀ, ਸਿਰਫ **3%** ਨੇ ਹੋਰ ਮਨੋਰੰਜਕ ਨਸ਼ੇ ਵਰਤਣ ਦੀ ਕੋਸ਼ਿਸ਼ ਕੀਤੀ ਸੀ। ਪੰਜਾਬੀ ਸਭਿਆਚਾਰ ਵਿੱਚ ਤੰਬਾਕੂ ਨਾਲ ਜੁੜੇ ਕਲੰਕ ਕਾਰਨ ਸਿਰਫ **10%** ਸਿੱਖਾਂ ਨੇ ਤੰਬਾਕੂ ਦੀ ਵਰਤੋਂ ਦੀ ਕੋਸ਼ਿਸ਼ ਕੀਤੀ ਸੀ।

## ਸਿਹਤਮੰਦ ਅਤੇ ਸਸਤੀ ਖ਼ੁਰਾਕ

**3,216 KCAL**

ਯੂਕੇ ਵਿੱਚ 21 - 55 ਸਾਲ ਦੀ ਉਮਰ ਦੇ 137 ਸਿੱਖ ਪੰਜਾਬੀ ਮਰਦਾਂ ਦੀ ਰੋਜ਼ਾਨਾ ਔਸਤ ਐਨਰਜੀ ਦੀ ਖਪਤ ਉੱਪਰ ਦਿੱਤੇ ਅਨੁਸਾਰ ਸੀ (ਸਿਫਾਰਸ਼ ਕੀਤੀ ਗਈ ਐਨਰਜੀ 2,500 ਕਿਲੋ ਕੈਲਰੀ ਹੈ)

### ਮੋਟਾਪਾ

ਯੂਕੇ ਵਿੱਚ ਅਤੇ ਬਰਮਿੰਘਮ ਵਿੱਚ ਸਿੱਖਾਂ ਦੀ ਸੰਖਿਆ ਬਾਰੇ ਸੀਮਤ ਖੋਜ ਕੀਤੀ ਗਈ ਹੈ, ਜਿਨ੍ਹਾਂ ਨੂੰ ਵਧੇਰੇ ਭਾਰ ਜਾਂ ਮੋਟੇ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ। ਲੇਕਿਨ, ਇੱਥੇ ਪ੍ਰਕਾਸ਼ਤ ਖੋਜ ਇਹ ਸੁਝਾਅ ਦਿੰਦੀ ਹੈ, ਕਿ ਆਮ ਆਬਾਦੀ ਦੇ ਮੁਕਾਬਲੇ ਦੱਖਣੀ ਏਸ਼ੀਆਈ ਆਬਾਦੀ ਵਿੱਚ ਮੋਟਾਪੇ ਦੀ ਦਰ ਵਧੇਰੇ ਹੈ।

### ਪੱਛਮੀਕਰਨ

ਵੱਖੋ ਵੱਖਰੀਆਂ ਪੀੜ੍ਹੀਆਂ ਉੱਤੇ ਵੱਖੋ ਵੱਖਰੇ ਖੁਰਾਕ ਸਭਿਆਚਾਰਾਂ ਦੇ ਹਾਵੀ ਹੋਣ ਦੇ ਸਬੂਤ ਮਿਲਦੇ ਹਨ।

ਬਜ਼ੁਰਗ ਬਾਲਗਾਂ ਨੂੰ ਮੁੱਖ ਤੌਰ ਤੇ ਰਵਾਇਤੀ ਭਾਰਤੀ ਭੋਜਨ ਖਾਣ ਦੀ ਇੱਛਾ ਹੋਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ, ਜਦੋਂ ਕਿ ਛੋਟੇ ਸਿੱਖ ਪੀਜ਼ਾ, ਬਰਗਰ ਅਤੇ ਚਿਪਸ ਵਰਗੇ ਪੱਛਮੀ ਸੁਵਿਧਾਜਨਕ ਆਹਾਰਾਂ ਦੀ ਵਧੇਰੇ ਇੱਛਾ ਰੱਖਦੇ ਹਨ।

### ਸਿੱਖਾਂ ਦੀ ਖ਼ੁਰਾਕ

ਬਹੁਤ ਸਾਰੇ ਸਿੱਖਾਂ ਨੂੰ ਖੁਰਾਕ ਸੰਬੰਧੀ ਕੋਈ ਪਾਬੰਦੀਆਂ ਨਹੀਂ ਹਨ।

ਪਰ ਜਿਨ੍ਹਾਂ ਸਿੱਖਾਂ ਨੇ ਅੰਮ੍ਰਿਤ ਛਕਿਆ ਹੈ, ਉਹ ਸ਼ਾਕਾਹਾਰੀ ਹਨ ਅਤੇ ਅੰਡੇ, ਮੱਛੀ ਅਤੇ ਪਸ਼ੂ ਡੈਰੀਵੇਟਿਵਜ਼ ਦੇ ਨਾਲ ਕਿਸੇ ਵੀ ਪਦਾਰਥ ਜਾਂ ਪਸ਼ੂਆਂ ਦੀ ਚਰਬੀ ਵਿੱਚ ਪਕਾਏ ਹੋਏ ਭੋਜਨ ਨਹੀਂ ਖਾਂਦੇ।

ਗੁਰਦੁਆਰਿਆਂ ਵਿੱਚ ਸਿਰਫ ਸ਼ਾਕਾਹਾਰੀ ਭੋਜਨ ਹੀ ਪਰੋਸਿਆ ਜਾਂਦਾ ਹੈ ਤਾਂ ਜੋ ਹਰ ਕੋਈ, ਉਨ੍ਹਾਂ ਦੀ ਖੁਰਾਕ ਸੰਬੰਧੀ ਪਾਬੰਦੀਆਂ ਦੀ ਪਰਵਾਹ ਕੀਤੇ ਬਿਨਾਂ, ਇਸ ਨੂੰ ਖਾ ਸਕੇ।

## ਹਰ ਉਮਰ ਵਿੱਚ ਚੁਸਤੀ ਅਤੇ ਹਿੰਮਤ

### ਸਰੀਰਕ ਕਸਰਤ >150 ਮਿਨਿਟ/ਫ਼ੀ ਹਫ਼ਤਾ

ਇੰਗਲੈਂਡ ਵਿੱਚ ਧਰਮ ਦੇ ਆਧਾਰ ਉੱਤੇ

- # 1 ਈਸਾਈ (61.7%)
- # 2 ਹਿੰਦੂ (57.9%)
- # 3 ਯਹੂਦੀ (56%)
- # 4 ਬੋਧੀ (55.9%)
- # 5 **ਸਿੱਖ** (55.6%)

### ਸਰੀਰਕ ਕਸਰਤ <30 ਮਿਨਿਟ/ਫ਼ੀ ਹਫ਼ਤਾ

ਇੰਗਲੈਂਡ ਵਿੱਚ ਧਰਮ ਦੇ ਆਧਾਰ ਉੱਤੇ

- # 1 ਮੁਸਲਮਾਨ (40.4%)
- # 2 ਹਿੰਦੂ/ਸਿੱਖ (30.1%)
- # 3 ਯਹੂਦੀ (30%)
- # 4 ਈਸਾਈ (26.4%)

**46%**

2018 ਦੇ ਬ੍ਰਿਟਿਸ਼ ਸਿੱਖ ਰਿਪੋਰਟ ਦੇ ਸਰਵੇਖਣ ਵਿੱਚ 2,000 ਸਿੱਖ ਭਾਗੀਦਾਰਾਂ ਵਿੱਚੋਂ 46% ਨੇ ਕਿਹਾ ਹੈ ਕਿ ਉਨ੍ਹਾਂ ਨੇ ਹਫ਼ਤੇ ਵਿੱਚ ਘੱਟੋ ਘੱਟ ਕੁਝ ਵਾਰ ਕਸਰਤ ਲਈ ਸਮਾਂ ਕੱਢਿਆ ਹੈ।

**73%**

ਕੈਂਟ, ਯੂਕੇ ਵਿੱਚ 137 ਸਿੱਖ ਵਿਅਕਤੀਆਂ ਵਿੱਚੋਂ 73% **ਬੈਠ ਕੇ ਕੰਮ** ਕਰਨ ਵਾਲੀਆਂ ਨੌਕਰੀਆਂ ਵਿੱਚ ਲੱਗੇ ਹੋਏ ਹਨ। ਉਹੀ ਅਧਿਐਨ ਇਹ ਵੀ ਦਰਸਾਉਂਦਾ ਹੈ ਕਿ **ਸਾਰੇ ਭਾਗੀਦਾਰਾਂ** ਨੂੰ ਸੁਸਤੀ ਦੇ ਰੂਪ ਵਿੱਚ ਸ਼੍ਰੇਣੀਬੱਧ ਕੀਤਾ ਗਿਆ ਸੀ, ਜਾਂ ਸਰੀਰਕ ਗਤੀਵਿਧੀਆਂ ਦੀ ਹੇਠਲੀ ਪੱਧਰ ਵਿੱਚ ਸ਼ਾਮਲ ਕੀਤਾ ਗਿਆ ਸੀ।

## ਜੀਵਨ ਵਿੱਚ ਸਭ ਤੋਂ ਵਧੀਆ ਆਰੰਭ ਕਰਨਾ

**7,710**

ਬਰਮਿੰਘਮ ਵਿੱਚ ਸਿੱਖ ਵਜੋਂ ਰਜਿਸਟਰਡ ਬੱਚਿਆਂ ਦੀ ਗਿਣਤੀ (2.8%) ਹੈ, ਜਿਹੜੀ ਅੰਗਰੇਜ਼ੀ ਸਿੱਖ ਬੱਚਿਆਂ ਦੀ ਆਬਾਦੀ (0.87% ਇੰਗਲੈਂਡ) ਨਾਲੋਂ ਵੱਧ ਹੈ।

ਸਿੱਖ ਧਰਮ ਵਿੱਚ ਛਾਤੀ ਦਾ ਦੁੱਧ ਚੁੰਘਾਉਣ ਨੂੰ ਸਕਾਰਾਤਮਕ ਤੌਰ ਤੇ ਉਤਸ਼ਾਹਤ ਕੀਤਾ ਜਾਂਦਾ ਹੈ। ਪਰ ਧਰਮ ਦੇ ਆਧਾਰ ਉੱਤੇ ਛਾਤੀ ਦਾ ਦੁੱਧ ਚੁੰਘਾਉਣ ਬਾਰੇ ਸਥਾਨਕ ਅੰਕੜੇ ਉਪਲਬਧ ਨਹੀਂ ਹਨ।

### ਖ਼ਸਰੇ ਦੀ ਬੀਮਾਰੀ ਬਾਰੇ ਟੀਕਿਆਂ ਦਾ ਵੇਰਵਾ

ਗਲਾਸਗੋ, ਸਕੋਟਲੈਂਡ ਵਿੱਚ ਧਰਮ ਦੇ ਆਧਾਰ ਉੱਤੇ

- # 1 **ਸਿੱਖ** (93%)
- # 2 ਮੁਸਲਮਾਨ (84%)
- # 3 ਹਿੰਦੂ (84%)
- # 4 ਗ਼ੈਰ-ਏਸ਼ੀਅਨ (83%)

### ਧੱਕੇਸ਼ਾਹੀ

ਇੱਥੇ ਯੂਕੇ ਅਤੇ ਅੰਤਰਰਾਸ਼ਟਰੀ ਦੋਵੇਂ ਤਰ੍ਹਾਂ ਦੀਆਂ ਖੋਜਾਂ ਕੀਤੀਆਂ ਗਈਆਂ ਹਨ ਜੋ ਸਿੱਖ ਬੱਚਿਆਂ ਦੇ ਉਨ੍ਹਾਂ ਦੇ ਧਰਮ ਕਾਰਨ ਧੱਕੇਸ਼ਾਹੀ ਦੇ ਪ੍ਰਭਾਵਾਂ ਨੂੰ ਉਜਾਗਰ ਕਰਦੀਆਂ ਹਨ।

# 3 ਸਿੱਖ ਭਾਈਚਾਰੇ ਦੀ ਰੂਪ ਰੇਖਾ

Birmingham City Council

ਪਬਲਿਕ ਹੈਲਥ ਅਪ੍ਰੈਲ 2021

ਅੰਕੜੇ ਥੋੜ੍ਹੇ ਘੱਟ ਵੱਧ ਕੀਤੇ ਗਏ ਹਨ

## ਵਧੀਆ ਕੰਮ ਕਰਨਾ ਅਤੇ ਸਿੱਖਿਆ ਲੈਣਾ

**ਲੈਵਲ 4+ ਯੋਗਤਾਵਾਂ**

ਬਰਮਿੰਘਮ ਵਿੱਚ ਇਨ੍ਹਾਂ ਯੋਗਤਾਵਾਂ ਵਾਲੀ **28%** ਸਿੱਖ ਆਬਾਦੀ, ਸ਼ਹਿਰ ਦੀ ਕੁੱਲ ਆਬਾਦੀ ਦੇ **23%** ਦੇ ਮੁਕਾਬਲੇ ਹੈ

**ਕੋਈ ਯੋਗਤਾ ਨਹੀਂ**

ਬਰਮਿੰਘਮ ਵਿੱਚ **22%** ਸਿੱਖ ਆਬਾਦੀ ਸ਼ਹਿਰ ਦੀ ਕੁੱਲ ਆਬਾਦੀ ਦੇ **28%** ਦੇ ਮੁਕਾਬਲੇ ਹੈ

ਬਰਮਿੰਘਮ ਦੀ ਆਮ ਆਬਾਦੀ ਦੇ ਮੁਕਾਬਲੇ ਸਿੱਖ ਮਾਇਕ ਤੌਰ 'ਤੇ ਜ਼ਿਆਦਾ ਸਰਗਰਮ ਹਨ।

| | ਸਰਗਰਮ | ਗ਼ੈਰ ਸਰਗਰਮ |
|---|---|---|
| ਬਰਮਿੰਘਮ ਦੀ ਸਿੱਖ ਕਮਿਊਨਿਟੀ | 65.7% | 34.3% |
| ਬਰਮਿੰਘਮ ਦੀ ਆਮ ਆਬਾਦੀ | 59.2% | 40.8% |

**> 1 ਤੋਂ ਵੱਧ ਲੋਕਾਂ ਨਾਲ ਰਿਹਾਇਸ਼**

ਬਰਮਿੰਘਮ ਵਿੱਚ **25%** ਸਿੱਖ ਆਬਾਦੀ ਸ਼ਹਿਰ ਦੇ ਕੁੱਲ ਆਬਾਦੀ ਦੇ **11%** ਦੇ ਮੁਕਾਬਲੇ ਹੈ

**ਹਰ ਘਰ ਵਿੱਚ 1 ਵਿਅਕਤੀ**

ਬਰਮਿੰਘਮ ਵਿੱਚ **16%** ਸਿੱਖ ਆਬਾਦੀ ਸ਼ਹਿਰ ਦੀ ਕੁੱਲ ਆਬਾਦੀ ਦੇ **32%** ਦੇ ਮੁਕਾਬਲੇ ਹੈ

ਧਰਮ ਦੁਆਰਾ ਕਿੱਤਾ ਦਰਸਾਉਂਦਾ ਹੈ ਕਿ ਸਿੱਖ ਆਮ ਬਰਮਿੰਘਮ ਦੀ ਆਬਾਦੀ ਨਾਲੋਂ ਮੈਨੇਜਰਾਂ ਦੇ ਤੌਰ 'ਤੇ ਵਧੇਰੇ ਨੌਕਰੀਆਂ ਕਰਦੇ ਹਨ

| | ਮੈਨੇਜਰ | ਮਾਹਿਰ ਕਾਰੀਗਰ |
|---|---|---|
| ਬਰਮਿੰਘਮ ਦੀ ਸਿੱਖ ਕਮਿਊਨਿਟੀ | 12% | 8% |
| ਬਰਮਿੰਘਮ ਦੀ ਆਮ ਆਬਾਦੀ | 9% | 10% |

## ਬਚਾਓ ਅਤੇ ਪਤਾ ਲਾਉਣਾ

**5 ਵਿੱਚੋਂ 3**

ਸਿੱਖ ਪੁਰਸ਼ ਸਕਾਟਲੈਂਡ ਵਿੱਚ ਕੋਲੋਰੈਕਟਲ ਕੈਂਸਰ ਸਕ੍ਰੀਨਿੰਗ ਕਰਵਾਉਣ ਨਹੀਂ ਗਏ

**ਕੋਵਿਡ-19 ਵੈਕਸੀਨੇਸ਼ਨ ਰੇਟ ਉਮਰ 70+**

**ਧਰਮ ਦੇ ਆਧਾਰ 'ਤੇ**

ਈਸਾਈ (91.1%)
ਯਹੂਦੀ (88.8%)
ਹਿੰਦੂ (87.1%)
**ਸਿੱਖ (87%)**
ਮੁਸਲਮਾਨ (72.3%)

**ਕੋਲੋਰੈਕਟਲ ਕੈਂਸਰ ਸਕ੍ਰੀਨਿੰਗ ਵਾਸਤੇ ਘੱਟ ਲੋਕਾਂ ਦੇ ਜਾਣ ਦੇ ਕਾਰਨ**

- ਬੋਲੀ ਦੀਆਂ ਮੁਸ਼ਕਲਾਂ
- ਘਰ ਦੇ ਛੋਟੇ ਮੈਂਬਰਾਂ ਉੱਤੇ ਨਿਰਭਰ ਕਰਨਾ
- ਕੋਲੋਰੈਕਟਲ ਕੈਂਸਰ ਬਾਰੇ ਘੱਟ ਜਾਣਕਾਰੀ

**ਐਚਪੀਵੀ ਵੈਕਸੀਨੇਸ਼ਨ ਨਾ ਕਰਾਉਣ ਦੀ ਝਿਜਕ**

ਸਿੱਖ ਪਿਛੋਕੜ ਦੀਆਂ ਕੁੜੀਆਂ ਆਮ ਜਨਸੰਖਿਆ ਦੇ ਮੁਕਾਬਲੇ ਐਚਪੀਵੀ ਟੀਕਾਕਰਣ ਲਈ ਘੱਟ ਜਾਂਦੀਆਂ ਹਨ। ਇਸ ਦੇ ਨਾਲ ਨਾਲ ਇਸ ਬਾਰੇ ਜਾਗਰੂਕਤਾ ਦੀ ਵੀ ਘਾਟ ਹੈ ਕਿ ਪੁਰਸ਼ ਐਚਪੀਵੀ ਦੁਆਰਾ ਕਿਵੇਂ ਪ੍ਰਭਾਵਤ ਹੋ ਸਕਦੇ ਹਨ ਅਤੇ ਬਹੁਤ ਸਾਰੇ ਵਾਇਰਸਾਂ ਦੀਆਂ ਕਿਸਮਾਂ ਬਾਰੇ ਵੀ ਉਹ ਉਲਝਣ ਵਿੱਚ ਹਨ ਕਿ ਇਹ ਕੈਂਸਰ ਨਾਲ ਕਿਵੇਂ ਜੁੜਦੇ ਅਤੇ ਵਿਕਸਤ ਹੋ ਜਾਂਦੇ ਹਨ।

ਜਿਨਸੀ ਸਿਹਤ ਬਾਰੇ ਮਰਦਾਂ ਦੀ ਧਾਰਨਾ ਵਿੱਚ ਕੀਤੀ ਗਈ ਖੋਜ ਵਿੱਚ ਪਾਇਆ ਗਿਆ ਕਿ ਬਹੁਤ ਸਾਰੇ ਲੋਕਾਂ ਨੇ ਸੋਚਿਆ ਕਿ ਸੈਕਸ ਰਾਹੀਂ ਫ਼ੈਲਣ ਵਾਲੇ ਰੋਗ ਕੇਵਲ ਔਰਤਾਂ ਲਈ ਹੀ ਵਧੇਰੇ ਮੁੱਦਾ ਹਨ। ਕੁਝ ਵਿਅਕਤੀਆਂ ਨੂੰ ਇਹ ਵੀ ਨਹੀਂ ਪਤਾ ਸੀ ਕਿ ਇਨ੍ਹਾਂ ਦੀਆਂ ਕੀ ਨਿਸ਼ਾਨੀਆਂ ਹੁੰਦੀਆਂ ਹਨ। ਸਾਰੇ ਵਿਅਕਤੀ ਸਹਿਮਤ ਸਨ ਕਿ ਜਿਨਸੀ ਸਿਹਤ ਭਾਈਚਾਰੇ ਵਾਸਤੇ ਵਿਚਾਰ ਵਟਾਂਦਰੇ ਦਾ ਇੱਕ ਮੁਸ਼ਕਲ ਵਿਸ਼ਾ ਹੈ।

## ਲੰਬੀ ਅਤੇ ਚੰਗੀ ਉਮਰ ਭੋਗਣਾ

**ਸ਼ੂਗਰ**

ਯੂਕੇ ਵਿੱਚ ਗੋਰੇ ਯੂਰਪੀਅਨ ਲੋਕਾਂ ਦੇ ਮੁਕਾਬਲੇ ਸਿੱਖਾਂ ਵਿੱਚ ਸ਼ੂਗਰ ਦੇ ਹੋਣ ਦਾ ਖ਼ਤਰਾ **2 ਤੋਂ 6 ਗੁਣਾ ਵੱਧ** ਹੁੰਦਾ ਹੈ।

**ਸਿਹਤ ਸੇਵਾਵਾਂ ਤੱਕ ਪਹੁੰਚ**

ਬਜ਼ੁਰਗ ਪ੍ਰਵਾਸੀ ਸਿੱਖ ਮਰਦਾਂ ਨੂੰ ਭਾਸ਼ਾ ਦੀਆਂ ਰੁਕਾਵਟਾਂ ਅਤੇ ਧਾਰਮਿਕ ਵਿਸ਼ਵਾਸਾਂ ਦੇ ਕਾਰਨ ਸਿਹਤ ਸੰਭਾਲ ਪ੍ਰਣਾਲੀ ਤਕ ਪਹੁੰਚਣ ਵਿੱਚ ਮੁਸ਼ਕਲ ਆ ਸਕਦੀਆਂ ਹਨ। ਇਸ ਦੇ ਨਤੀਜੇ ਵਜੋਂ ਬਹੁਤ ਸਾਰੇ ਦਿਲ ਦੀਆਂ ਬਿਮਾਰੀਆਂ ਲਈ ਪੁੱਛ ਪੜਤਾਲ ਕਰਾਉਣ ਵਿੱਚ ਅਸਫਲ ਰਹਿੰਦੇ ਹਨ।

**82%**

321 ਵਿੱਚੋਂ 82% ਸਿੱਖਾਂ ਨੇ ਇਹ ਕਿਹਾ ਸੀ ਕਿ ਉਹ ਘਰ ਵਿੱਚ ਹੀ ਆਪਣੀ ਦੇਖਭਾਲ ਕਰਾਉਣ ਅਤੇ ਮਰਨ ਨੂੰ ਤਰਜੀਹ ਦੇਣਗੇ।

**ਜੀਵਨ ਦੇ ਅਖ਼ੀਰ ਲਈ ਪ੍ਰਬੰਧ**

ਜਦੋਂ 'ਐਂਡ ਆਫ ਲਾਈਫ ਕੇਅਰ' ਬਾਰੇ ਪੁੱਛਿਆ ਗਿਆ - 321 ਲੋਕਾਂ ਦੀ ਪੁੱਛਗਿਛ ਵਿੱਚ 3 ਵਿੱਚੋਂ ਸਿਰਫ 1 ਸਿੱਖ ਨੂੰ 'ਐਡਵਾਂਸ ਕੇਅਰ ਪਲਾਨਿੰਗ' ਸ਼ਬਦ ਬਾਰੇ ਹੀ ਕੁੱਝ ਸਮਝ ਸੀ।

ਸਿੱਖ ਧਰਮ ਦੇ ਅਨੁਸਾਰ, ਮੌਤ ਇੱਕ ਕੁਦਰਤੀ ਪ੍ਰਕਿਰਿਆ ਹੈ, ਇਹ ਸਿਰਫ ਸਰੀਰ ਹੀ ਹੈ ਜੋ ਮਰਦਾ ਹੈ ਅਤੇ ਆਤਮਾ ਪ੍ਰਵਾਸ ਅਤੇ ਪੁਨਰ ਜਨਮ ਦੁਆਰਾ ਜੀਉਂਦੀ ਹੈ। ਜੀਵਨ ਦਾ ਉਦੇਸ਼ 'ਵਾਹਿਗੁਰੂ' (ਰੱਬ ਦੇ ਨਾਮ) ਦੇ ਨੇੜੇ ਜਾਣਾ ਜਾਂ ਉਸ ਵਿੱਚ ਸਮਾ ਜਾਣਾ ਹੈ।

**ਡੀਮੈਂਸ਼ੀਆ ਦੇ ਸਮਝੇ ਗਏ ਕਾਰਨ**

ਸਿੱਖ ਭਾਈਚਾਰੇ ਵਿੱਚ ਦਿਮਾਗੀ ਕਮਜ਼ੋਰੀ ਦੀ ਸਮਝ ਅਤੇ ਜਾਗਰੂਕਤਾ ਬਾਰੇ ਕੀਤੀ ਗਈ ਖੋਜ ਵਿੱਚ ਪਾਇਆ ਗਿਆ ਕਿ ਭਾਗੀਦਾਰਾਂ ਨੇ ਦਿਮਾਗੀ ਕਮਜ਼ੋਰੀ ਦੇ ਇਹ ਕਾਰਨ ਸਮਝੇ...

- ਸਮਾਜ ਤੋਂ ਕੱਟੇ ਰਹਿਣਾ
- ਤਣਾਓ
- 'ਮਾੜੇ ਕਰਮ'
- ਬੁੱਢੇ ਹੋ ਜਾਣਾ

**10 ਵਿੱਚੋਂ 1**

ਸਿੱਖ ਪਰਿਵਾਰਾਂ ਵਿੱਚ ਕੋਈ ਨਾ ਕੋਈ ਵਿਅਕਤੀ ਦਿਮਾਗੀ ਕਮਜ਼ੋਰੀ ਜਾਂ ਅਲਜ਼ਾਈਮਰ ਦਾ ਸ਼ਿਕਾਰ ਹੈ। ਦਿਮਾਗੀ ਕਮਜ਼ੋਰੀ ਜਾਂ ਅਲਜ਼ਾਈਮਰ ਵਾਲੇ 62% ਸਿੱਖਾਂ ਦੀ ਦੇਖਭਾਲ ਵੀ ਪਰਿਵਾਰਕ ਮੈਂਬਰ ਕਰਦੇ ਹਨ।

ਭਾਵਨਾਤਮਕ ਸਹਾਇਤਾ ਨੈਟਵਰਕ ਦੀ ਘਾਟ ਕਾਰਡੀਓਵੈਸਕੁਲਰ ਬਿਮਾਰੀਆਂ ਦੀ ਸੰਭਾਵਨਾ ਨੂੰ ਵਧਾ ਸਕਦੀ ਹੈ

**ਭਾਵਨਾਤਮਕ ਮੱਦਦ**

| | |
|---|---|
| ਯੂਕੇ ਦੇ ਦੱਖਣੀ ਏਸ਼ੀਅਨ ਮਰਦ | 27% |
| ਯੂਕੇ ਦੇ ਗੋਰੇ ਯੂਰਪੀਅਨ | 11% |

# 4 ਸਿੱਖ ਭਾਈਚਾਰੇ ਦੀ ਰੂਪ ਰੇਖਾ

Birmingham City Council

ਪਬਲਿਕ ਹੈਲਥ ਅਪ੍ਰੈਲ 2021

ਅੰਕੜੇ ਥੋੜ੍ਹੇ ਘੱਟ ਵੱਧ ਕੀਤੇ ਗਏ ਹਨ

## ਫ਼ਰਕਾਂ ਨੂੰ ਘਟਾਉਣਾ

### ਧਰਮ ਦੇ ਅਨੁਸਾਰ ਬਰਮਿੰਘਮ ਦੇ ਸਭ ਤੋਂ ਵੰਚਿਤ 20% ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਦੀ ਆਬਾਦੀ

- #1 ਮੁਸਲਮਾਨ (84.2%)
- #2 ਬੋਧੀ (51.1%)
- #3 ਈਸਾਈ (49.9%)
- #4 **ਸਿੱਖ** (45.7%)
- #5 ਹਿੰਦੂ (45%)
- #6 ਯਹੂਦੀ (29.2%)

ਬਰਮਿੰਘਮ ਵਿੱਚ ਰਹਿਣ ਵਾਲੇ ਸਿਰਫ 938 ਸਿੱਖਾਂ ਨੂੰ 20% ਘੱਟ ਵੰਚਿਤ ਖੇਤਰਾਂ ਵਿੱਚ ਰਹਿੰਦੇ ਮੰਨਿਆ ਗਿਆ ਹੈ। ਇਹ ਈਸਾਈਆਂ (4.4%) ਦੇ ਮੁਕਾਬਲੇ ਬਹੁਤ ਘੱਟ ਅਨੁਪਾਤ ਹੈ, ਪਰ ਬੋਧੀਆਂ (2.1%) ਦੇ ਮੁਕਾਬਲੇ ਵੱਡਾ ਅਨੁਪਾਤ ਹੈ।

ਇੱਥੇ ਪ੍ਰਕਾਸ਼ਤ ਖੋਜ ਦੀ ਘਾਟ ਹੈ ਜਿਸ ਨਾਲ ਯੂਕੇ ਦੇ ਅੰਦਰ ਸਿੱਖ ਅਬਾਦੀ ਦੇ ਸਾਹਮਣੇ ਆ ਰਹੀਆਂ ਅਸਮਾਨਤਾਵਾਂ ਦੇ ਸਬੂਤ ਅੱਗੇ ਆ ਸਕਣ। ਪਰ, ਬਰਮਿੰਘਮ ਦੇ ਸਭ ਤੋਂ ਵਾਂਝੇ ਖੇਤਰਾਂ ਵਿੱਚ ਰਹਿਣ ਵਾਲੇ ਲੋਕ, ਘੱਟ ਵਾਂਝੇ ਖੇਤਰਾਂ ਦੇ ਮੁਕਾਬਲੇ ਲਗਭਗ 20 ਸਾਲ ਤੱਕ ਘੱਟ ਚੰਗੀ ਸਿਹਤ ਨੂੰ ਮਾਣ ਸਕਣਗੇ।

## ਹਰਾ ਅਤੇ ਟਿਕਾਊ ਭਵਿੱਖ

### ਸਭਿਆਚਾਰਕ ਵਿਸ਼ਵਾਸ

ਸਿੱਖ, ਗੁਰੂਆਂ ਦੀ ਬੁੱਧੀ ਦਾ ਸਤਿਕਾਰ ਕਰਦੇ ਹਨ ਅਤੇ ਇਹ ਵਿਸ਼ਵਾਸ ਕਰਦੇ ਹੋਏ ਕਿ ਸਾਰੇ ਮਨੁੱਖਾਂ ਦੀ ਕੁਦਰਤੀ ਦੁਨੀਆਂ ਪ੍ਰਤੀ ਇੱਕ ਅੰਦਰੂਨੀ ਸੰਵੇਦਨਸ਼ੀਲਤਾ ਹੈ ਅਤੇ ਭਵਿੱਖ ਦੀਆਂ ਪੀੜ੍ਹੀਆਂ ਲਈ ਧਰਤੀ ਦੀ ਰੱਖਿਆ ਲਈ ਇੱਕ ਸਥਾਈ ਸਮਾਜ ਸਿਰਜਣਾ ਬਹੁਤ ਮਹੱਤਵਪੂਰਨ ਹੈ।

## ਕੋਵਿਡ ਦੇ ਅਸਰਾਂ ਨੂੰ ਘਟਾਉਣਾ

**96%** ਸਿੱਖ, ਕੋਵਿਡ -19 ਦੇ ਨਤੀਜੇ ਵਜੋਂ ਸਿੱਖ ਭਾਈਚਾਰੇ ਵਿੱਚ ਹੋਈਆਂ ਮੌਤਾਂ ਦੀ ਬਹੁਤਾਤ ਕਾਰਨ ਚਿੰਤਤ ਹਨ।

**47%** ਸਿੱਖ ਨੈਟਵਰਕ ਦੁਆਰਾ ਕੀਤੀ ਗਈ ਮੁਢਲੀ ਖੋਜ ਦੇ ਅਨੁਸਾਰ, ਵੈਸਟ ਮਿਡਲੈਂਡਸ ਵਿੱਚ 47% ਸਿੱਖ ਮੌਤਾਂ ਜਨਵਰੀ 2019-ਮਾਰਚ 2019 ਤੱਕ ਕੋਵਿਡ-19 ਕਾਰਨ ਹੋਈਆਂ ਸਨ। ਇਹ ਰਾਸ਼ਟਰੀ ਔਸਤ ਨਾਲੋਂ ਦੁੱਗਣੀ ਗਿਣਤੀ ਤੋਂ ਵੀ ਵੱਧ ਹੈ।

*ਇਹ ਅੰਕੜੇ ਸਿੱਖ ਅਤੇ ਏਸ਼ੀਅਨ ਫਿਊਨਰਲ ਡਾਇਰੈਕਟਾਂ ਅਤੇ ਗੁਰਦਵਾਰਿਆਂ ਤੋਂ ਲਏ ਗਏ ਸਨ।*

ਹੋਰ ਧਾਰਮਿਕ ਸਮੂਹਾਂ ਦੇ ਮੁਕਾਬਲੇ ਵੱਡੇ ਪਰਿਵਾਰਾਂ ਵਿੱਚ ਰਹਿਣ ਦੇ ਉਨ੍ਹਾਂ ਵਿੱਚ ਪ੍ਰਚਲਤ ਰਿਵਾਜ ਹੋਣ ਕਾਰਨ ਸ਼ਾਇਦ ਸਿੱਖ ਆਬਾਦੀ ਕੋਵਿਡ-19 ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਹੋਈ ਹੋਵੇਗੀ।

ਰਾਸ਼ਟਰੀ ਅੰਕੜਾ ਦਫਤਰ ਦੁਆਰਾ 2 ਮਾਰਚ ਤੋਂ 15 ਮਈ 2020 ਦੌਰਾਨ ਸਵੈ-ਪਛਾਣੇ ਗਏ ਧਾਰਮਿਕ ਸਮੂਹਾਂ ਦੇ ਵਿੱਚ ਕੋਰੋਨਾਵਾਇਰਸ ਨਾਲ ਜੁੜੀ ਮੌਤ ਦੀ ਦਰ ਵਿੱਚ ਫ਼ਰਕ ਦੇਖਣ ਨੂੰ ਮਿਲਿਆ ਹੈ, ਜਿਵੇਂ ਕਿ 2011 ਦੀ ਮਰਦਮਸ਼ੁਮਾਰੀ ਵਿੱਚ ਰਿਪੋਰਟ ਕੀਤੀ ਗਈ ਹੈ, ਜਿਸ ਵਿੱਚ "ਕੋਈ ਧਰਮ ਨਹੀਂ" ਵੀ ਸ਼ਾਮਲ ਹੈ। ਹੇਠਾਂ ਦਿੱਤੀ ਸਾਰਣੀ 9 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ ਪ੍ਰਤੀ 100,000 ਆਬਾਦੀ ਮਗਰ ਧਰਮ ਅਨੁਸਾਰ ਕੋਵਿਡ-19 ਨਾਲ ਜੁੜੀਆਂ ਮੌਤਾਂ ਦੀ ਉਮਰ ਦੇ ਹਿਸਾਬ ਨਾਲ ਮੌਤ ਦਰ ਦਰਸਾਉਂਦੀ ਹੈ।

| ਧਾਰਮਿਕ ਗਰੁੱਪ | ਮਰਦ | ਔਰਤਾਂ |
|---|---|---|
| **ਕੋਈ ਧਰਮ ਨਹੀਂ** | 80.7 | 47.9 |
| **ਈਸਾਈ** | 92.6 | 54.6 |
| **ਬੋਧੀ** | 113.5 | 57.4 |
| **ਹਿੰਦੂ** | 154.8 | 93.3 |
| **ਯਹੂਦੀ** | 187.9 | 94.3 |
| **ਮੁਸਲਮਾਨ** | 198.9 | 98.2 |
| **ਸਿੱਖ** | 128.6 | 69.4 |
| **ਬਾਕੀ ਧਰਮ ਜਾਂ ਨਹੀਂ ਦੱਸੇ ਗਏ ਧਰਮ** | 84.2 | 49.2 |

ਸਰੋਤ: ਰਾਸ਼ਟਰੀ ਅੰਕੜਿਆਂ ਲਈ ਦਫਤਰ-ਕੋਰੋਨਾਵਾਇਰਸ (ਕਵਿਡ-19) ਧਾਰਮਿਕ ਸਮੂਹ ਅਨੁਸਾਰ ਹੋਈਆਂ ਮੌਤਾਂ

OFFICIAL

# ਅਗਲੇ ਕਦਮ



# ਉਪਲਬਧ ਸਰੋਤ

- ਸਾਰੇ ਸਰੋਤ ਪਬਲਿਕ ਹੈਲਥ ਵੈਬਸਾਈਟ ਦੇ ਇਸ ਲੈਂਡਿੰਗ ਪੇਜ ਤੋਂ ਮਿਲ ਸਕਦੇ ਹਨ: https://www.birmingham.gov.uk/info/50265/supporting_healthier_communities/2463/community_health_profiles/2
- ਸਿੱਖ ਪ੍ਰੋਫਾਈਲ ਵਿੱਚ ਇਹ ਚੀਜ਼ਾਂ ਹਨ:
  1. ਅੰਗਰੇਜ਼ੀ ਅਤੇ ਪੰਜਾਬੀ ਬੋਲੀਆਂ ਵਿੱਚ ਇੱਕ ਲਿਖਤੀ ਰਿਪੋਰਟ
  2. ਅੰਗਰੇਜ਼ੀ ਅਤੇ ਪੰਜਾਬੀ ਬੋਲੀਆਂ ਵਿੱਚ ਅੰਕੜਿਆਂ ਦੀਆਂ ਪੌਵਰਪੋਆਇੰਟ ਸਲਾਈਡਾਂ

# ਅਗਲੇ ਕਦਮ

- ਅਸੀਂ ਜਲਦੀ ਹੀ ਲੋਕਾਂ ਨਾਲ ਰਾਬਤਾ ਕਰਾਂਗੇ, ਕਿਰਪਾ ਕਰਕੇ ਇਸ ਜਾਣਕਾਰੀ ਨੂੰ ਆਮ ਲੋਕਾਂ ਅਤੇ ਉਨ੍ਹਾਂ ਸੰਸਥਾਵਾਂ ਨਾਲ ਸਾਂਝੀ ਕਰੋ ਜੋ ਇਸ ਤੋਂ ਲਾਭ ਲੈ ਸਕਣ
- ਅਸੀਂ ਹੋਰ ਕਮਿਉਨਿਟੀ ਹੈਲਥ ਪ੍ਰੋਫਾਈਲਾਂ ਬਾਰੇ ਵੀ ਵਰਕਸ਼ੌਪਾਂ ਲਾਵਾਂਗੇ
- ਬੰਗਲਾਦੇਸ਼ੀ ਕਮਿਉਨਿਟੀ ਹੈਲਥ ਪ੍ਰੋਫਾਈਲ ਵੀ ਸਾਡੀ ਪਬਲਿਕ ਹੈਲਥ ਵੈਬਸਾਈਟ ਉੱਤੇ ਹੈ
- ਜੇਕਰ ਤੁਸੀਂ ਕੋਈ ਸਵਾਲ ਪੁੱਛਣਾ ਹੋਵੇ ਤਾਂ ਕਿਰਪਾ ਕਰਕੇ ਇਨ੍ਹਾਂ ਨਾਲ ਸੰਪਰਕ ਕਰੋ: Ricky Bhandal, Ricky.Bhandal@birmingham.gov.uk

@BhamCityCouncil

@birminghamcitycouncil

@birminghamcitycouncil



www.birmingham.gov.uk